ਵੈੱਬਸਾਈਟ
ਪੰਜਾਬ ਸਟਾਰ ਇੰਟਰਨੈੱਟ 'ਤੇ ਵੀ ਹਰ ਰੋਜ਼ ਪੜ੍ਹ ਸਕਦੇ ਹੋ
www.punjabstar.com
PUNJAB STAR TV

ਅੰਦਰਲੀ ਖ਼ਬਰ
ਸ਼ਾਮ ਸਿੰਘ ਅੰਗਸੰਗ ਦੀ ਪੁਸਤਕ 'ਤੁਰ ਗਏ ਯਾਰ ਨਿਰਾਲੇ' ਮਿੱਤਰ- ਮੰਡਲ ਰਾਈਟਰਜ਼ ਕਲੱਬ ਦੀ ਮੀਟਿੰਗ 'ਚ ਹੋਈ ਲੋਕ-ਅਰਪਿਤ
05

ਅੰਦਰਲੀ ਖ਼ਬਰ
ਸੰਸਾਰ ਵਿਆਪੀ ਰੂਪ ਲੈ ਰਿਹਾ ਹੈ : ਔਰਤਾਂ ਵਿਚ ਛਾਤੀ ਦਾ ਕੈਂਸਰ
07

ਲੇਖ
ਕੁੱਤਾ ਰਾਜ ਬਹਾਲੀਐ, ਮੁੜ ਚੱਕੀ ਚੱਟੇ !

PUNJABSTAR.COM

ਪੰਜਾਬ ਸਟਾਰ

Phone: 905-673-7666 , Fax: 1-289-206-8611 | 28 ਨਵੰਬਰ ਤੋਂ 04 ਦਸੰਬਰ, 2024 | Email :- editor@punjabstar.com, Vo.20.Issue:1161

ਗਾਜ਼ਾ ਪੱਟੀ 'ਤੇ ਇਜ਼ਰਾਇਲੀ ਹਮਲਿਆਂ 'ਚ 17 ਫਲਸਤੀਨੀਆਂ ਦੀ ਮੌਤ

ਗਾਜ਼ਾ (ਪੰਜਾਬ ਸਟਾਰ ਬਿਊਰੋ) : ਗਾਜ਼ਾ ਸ਼ਹਿਰ ਵਿਚ ਵਿਸਥਾਪਿਤ ਲੋਕਾਂ ਨੂੰ ਪਨਾਹ ਦੇਣ ਵਾਲੇ ਇਕ ਸਕੂਲ ਅਤੇ ਇਕ ਰਿਹਾਇਸ਼ੀ ਘਰ 'ਤੇ ਇਜ਼ਰਾਇਲੀ ਹਮਲਿਆਂ ਵਿਚ ਘੱਟੋ-ਘੱਟ 17 ਫਲਸਤੀਨੀ ਮਾਰੇ ਗਏ। ਸਿਵਲ ਡਿਫੈਂਸ ਦੇ ਬੁਲਾਰੇ ਮਹਿਮੂਦ ਬਾਸਲ ਨੇ ਸਿਨਹੂਆ ਨੂੰ ਦੱਸਿਆ, "ਇਸਰਾਈਲੀ ਬਲਾਂ ਨੇ ਗਾਜ਼ਾ ਸ਼ਹਿਰ ਵਿਚ ਵਿਸਥਾਪਿਤ ਲੋਕਾਂ ਨੂੰ ਪਨਾਹ ਦੇਣ ਵਾਲੇ ਅਲ-ਤਾਬੀਨ ਸਕੂਲ 'ਤੇ ਕੀਤੇ ਹਮਲੇ ਵਿਚ 10 ਫਲਸਤੀਨੀਆਂ ਦੀ ਮੌਤ ਹੋ ਗਈ।" ਬਾਸਲ ਨੇ ਦੱਸਿਆ ਕਿ ਸਾਰੇ ਜ਼ਖਮੀਆਂ ਨੂੰ ਹਸਪਤਾਲ ਲਿਜਾਇਆ ਗਿਆ। ਸਕੂਲ ਦੇ ਇਕ ਸਥਾਨਕ ਨਿਵਾਸੀ ਮੁਹੰਮਦ ਅਹਿਮਦ ਨੇ ਸਿਨਹੂਆ ਨੂੰ ਦੱਸਿਆ, "ਅਸੀਂ ਹੈਰਾਨ ਰਹਿ ਗਏ ਕਿ ਫੌਜ ਨੇ ਉਸ ਸਕੂਲ 'ਤੇ ਹਮਲਾ ਕਰ ਦਿੱਤਾ ਜਿੱਥੇ ਅਸੀਂ ਰਹਿੰਦੇ ਹਾਂ।" ਅਸੀਂ ਜਾਨੀ ਨੁਕਸਾਨ ਨੂੰ ਬਚਾਉਣ ਲਈ ਭੱਜੇ, ਪਰ ਸਾਮਾਨ ਦੀ ਘਾਟ ਕਾਰਨ ਅਜਿਹਾ ਨਹੀਂ ਕਰ ਸਕੇ। ਬਾਸਲ ਨੇ ਕਿਹਾ ਕਿ ਇਸੇ ਦੌਰਾਨ ਇਕ ਇਜ਼ਰਾਈਲੀ ਹਵਾਈ ਹਮਲੇ ਨੇ ਪੂਰਬੀ ਗਾਜ਼ਾ ਸ਼ਹਿਰ ਦੇ ਅਲ-ਜ਼ਾਤੂਨ ਵਿਚ ਇਕ ਰਿਹਾਇਸ਼ੀ ਘਰ ਨੂੰ ਨਿਸ਼ਾਨਾ ਬਣਾਇਆ, ਜਿਸ ਵਿਚ ਔਰਤਾਂ ਅਤੇ ਬੱਚਿਆਂ ਸਮੇਤ 7 ਲੋਕ ਮਾਰੇ ਗਏ। ਇਜ਼ਰਾਇਲੀ ਫੌਜ * ਬਾਕੀ ਸਫਾ 2 'ਤੇ

ਹੁਣ ਕੈਨੇਡਾ 'ਚ ਪੱਕੇ ਹੋਣ ਲਈ LMIA ਦਾ ਰਾਹ ਵੀ ਹੋਵੇਗਾ ਬੰਦ

ਸਟੱਡੀ ਵੀਜ਼ੇ ਤੋਂ ਪੀਆਰ ਤੱਕ ਦਾ ਰਾਹ ਸੌਖਾ ਨਹੀਂ: ਮਾਰਕ ਮਿਲਰ

ਵਿਨੀਪੈਗ (ਪੰਜਾਬ ਸਟਾਰ ਬਿਊਰੋ): ਕੈਨੇਡਾ ਸਰਕਾਰ ਆਏ ਦਿਨ ਸਖ਼ਤ ਫ਼ੈਸਲੇ ਲੈ ਕੇ ਪੰਜਾਬੀਆਂ ਦੀਆਂ ਮੁਸ਼ਕਲਾਂ ਵਧਾਉਂਦੀ ਜਾ ਰਹੀ ਹੈ। ਹੁਣ ਪੰਜਾਬੀਆਂ ਦੇ ਕੈਨੇਡਾ ਵਿਚ ਪੱਕੇ ਹੋਣ ਦਾ ਆਖ਼ਰੀ ਰਾਹ ਲੇਬਰ ਮਾਰਕੀਟ ਇੰਪੈਕਟ ਅਸੈਸਮੈਂਟਸ (ਐੱਲਐੱਮਆਈਏ) ਵੀ ਬੰਦ ਕੀਤਾ ਜਾ ਰਿਹਾ ਹੈ। ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਕਿਹਾ ਕਿ ਕੈਨੇਡੀਅਨ ਪੀਆਰ ਲਈ ਐੱਲਐੱਮਆਈਏ ਦੀ ਵੱਡੇ ਪੱਧਰ 'ਤੇ ਦੁਰਵਰਤੋਂ ਹੋ ਰਹੀ ਹੈ ਅਤੇ ਫੈਡਰਲ ਸਰਕਾਰ ਇਸ ਰਾਹੀਂ ਮਿਲਣ ਵਾਲੇ 50 ਵਾਧੂ ਅੰਕਾਂ ਦੀ ਸਹੂਲਤ ਖ਼ਤਮ ਕਰਨ 'ਤੇ ਵਿਚਾਰ ਕਰ ਰਹੀ ਹੈ। * ਬਾਕੀ ਸਫਾ 2 'ਤੇ

ਟਰੰਪ ਦੀ ਧਮਕੀ ਤੋਂ ਡਰੇ ਟਰੂਡੋ !

ਟਰੰਪ ਨੂੰ ਲੈ ਕੇ ਕੈਨੇਡਾ 'ਚ ਚਿੰਤਾ !

ਓਟਾਵਾ (ਪੰਜਾਬ ਸਟਾਰ ਬਿਊਰੋ) : ਕੈਨੇਡਾ ਦੀ ਜਸਟਿਨ ਟਰੂਡੋ ਸਰਕਾਰ ਨੇ ਸਰਹੱਦੀ ਸੁਰੱਖਿਆ ਸਖ਼ਤ ਕਰਨ ਦਾ ਫ਼ੈਸਲਾ ਕੀਤਾ ਹੈ ਅਤੇ ਨਾਲ ਹੀ ਇਸ ਦਾ ਬਜਟ ਵਧਾਉਣ ਦਾ ਐਲਾਨ ਕੀਤਾ ਹੈ। ਟਰੂਡੋ ਨੇ ਇਹ ਫ਼ੈਸਲਾ ਡੋਨਾਲਡ ਟਰੰਪ ਦੇ ਅਮਰੀਕੀ ਰਾਸ਼ਟਰਪਤੀ ਚੋਣ ਜਿੱਤਣ ਤੋਂ ਕੁਝ ਦਿਨ ਬਾਅਦ ਲਿਆ ਹੈ। ਇਸ ਦਾ ਕਾਰਨ ਟਰੰਪ ਦਾ ਉਹ ਬਿਆਨ ਮੰਨਿਆ ਜਾ ਰਿਹਾ ਹੈ, ਜਿਸ 'ਚ ਉਨ੍ਹਾਂ ਧਮਕੀ ਭਰੇ ਲਹਿਜੇ 'ਚ ਕਿਹਾ ਹੈ ਕਿ ਜੇਕਰ ਕੈਨੇਡਾ ਸਰਕਾਰ ਨੇ ਡਰੱਗ ਤਸਕਰੀ ਅਤੇ ਗੈਰ-ਕਾਨੂੰਨੀ ਤਰੀਕੇ ਨਾਲ ਸਰਹੱਦ ਪਾਰ ਕਰਨ ਵਾਲੇ ਪ੍ਰਵਾਸੀਆਂ ਖ਼ਿਲਾਫ਼ ਸਖ਼ਤ ਕਾਰਵਾਈ ਨਾ ਕੀਤੀ ਤਾਂ ਉਹ ਸਾਰੇ ਕੈਨੇਡੀਅਨ ਸਮਾਨ 'ਤੇ 25 ਫੀਸਦੀ ਟੈਰਿਫ ਲਗਾ ਦੇਣਗੇ। ਅਜਿਹੇ 'ਚ ਕੈਨੇਡਾ ਦੇ ਇਸ ਫ਼ੈਸਲੇ ਨੂੰ ਟਰੰਪ ਦਾ ਟੈਰਿਫ ਪ੍ਰਭਾਵ ਮੰਨਿਆ ਜਾ ਰਿਹਾ ਹੈ।

ਫਸਟਪੋਸਟ ਦੀ ਰਿਪੋਰਟ ਮੁਤਾਬਕ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਬੁੱਧਵਾਰ ਨੂੰ ਸੂਬਾਈ ਅਤੇ ਖੇਤਰੀ ਆਗੂਆਂ ਨਾਲ ਮੀਟਿੰਗ ਕੀਤੀ। ਮੀਟਿੰਗ ਵਿੱਚ ਟਰੂਡੋ ਨੇ ਕਿਹਾ ਕਿ ਸਰਕਾਰ ਬਾਰਡਰ ਸਰਵਿਸਿਜ਼ ਏਜੰਸੀ (ਸੀ.ਬੀ.ਐਸ.ਏ) ਅਤੇ ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ (ਆਰ.ਸੀ.ਐਮ.ਪੀ) 'ਤੇ ਖਰਚ ਵਧਾਏਗੀ। ਦਰਅਸਲ ਡੋਨਾਲਡ ਟਰੰਪ ਦੀ ਧਮਕੀ ਤੋਂ ਬਾਅਦ ਕੈਨੇਡੀਅਨ ਸਰਕਾਰ ਅਮਰੀਕਾ ਨਾਲ ਆਪਣੇ ਸਬੰਧ ਬਣਾਏ ਰੱਖਣ ਦੀ ਕੋਸ਼ਿਸ਼ ਕਰ ਰਹੀ ਹੈ। ਡੋਨਾਲਡ ਟਰੰਪ ਦੀ ਅਮਰੀਕਾ ਵਾਪਸੀ ਤੋਂ ਬਾਅਦ ਕੈਨੇਡਾ ਦੀ ਟਰੂਡੋ ਸਰਕਾਰ ਦਬਾਅ ਦਾ ਸਾਹਮਣਾ ਕਰ ਰਹੀ ਹੈ। ਕਈ ਪ੍ਰੀਮੀਅਰਾਂ ਨੇ ਮੰਨਿਆ ਹੈ ਕਿ ਜਨਵਰੀ ਵਿੱਚ ਟਰੰਪ ਦੇ ਅਹੁਦਾ ਸੰਭਾਲਣ ਤੋਂ ਬਾਅਦ ਕੈਨੇਡਾ ਲਈ ਚੀਜ਼ਾਂ ਮੁਸ਼ਕਲ ਹੋ ਸਕਦੀਆਂ ਹਨ। ਉਨ੍ਹਾਂ ਨੇ ਟਰੂਡੋ ਸਰਕਾਰ ਨੂੰ ਅਮਰੀਕਾ ਦੀ ਆਰਥਿਕ ਅਤੇ ਸੁਰੱਖਿਆ ਚਿੰਤਾਵਾਂ 'ਤੇ ਕਾਰਵਾਈ ਕਰਨ ਦੀ ਅਪੀਲ ਕੀਤੀ ਹੈ। ਬੁੱਧਵਾਰ ਨੂੰ ਹੋਈ ਇੱਕ ਹੰਗਾਮੀ ਮੀਟਿੰਗ ਵਿੱਚ ਮੰਤਰੀ ਡੋਮਿਨਿਕ ਲੇਬਲੈਂਕ ਨੇ ਕਿਹਾ ਕਿ ਸਾਨੂੰ ਕੈਨੇਡਾ ਅਤੇ ਅਮਰੀਕਾ ਦੇ ਲੋਕਾਂ ਨੂੰ ਭਰੋਸਾ ਦਿਵਾਉਣ ਦੀ ਲੋੜ ਹੈ ਕਿ ਅਸੀਂ ਸਰਹੱਦੀ ਚਿੰਤਾਵਾਂ ਨੂੰ ਗੰਭੀਰਤਾ ਨਾਲ ਲੈ ਰਹੇ ਹਾਂ ਅਤੇ ਇਸ * ਬਾਕੀ ਸਫਾ 2 'ਤੇ

ਕੈਨੇਡਾ ਨਾਲ ਤਣਾਅ ਦੇ ਚੱਲਦਿਆਂ ਪੰਜਾਬੀਆਂ ਦੀ ਵਧੀ ਮੁਸ਼ਕਿਲ; ਇਮੀਗ੍ਰੇਸ਼ਨ ਬੈਕਲਾਗ ਵਧਿਆ

ਕੈਨੇਡਾ ਦੇ ਭਾਰਤ 'ਚ ਡਿਪਲੋਮੈਟਿਕ ਸਟਾਫ਼ ਘਟਾਉਣ ਨਾਲ ਭਾਰਤ ਨੂੰ ਵੀਜ਼ਾ ਲੈਣ ਵਿਚ ਲੱਗ ਰਿਹੈ ਵੱਧ ਸਮਾਂ

ਟੋਰਾਂਟੋ, ਉਨਟਾਰੀਓ (ਪੰਜਾਬ ਸਟਾਰ ਬਿਊਰੋ) : ਭਾਰਤ ਅਤੇ ਕੈਨੇਡਾ ਵਿਚਾਲੇ ਚੱਲ ਰਹੇ ਕੂਟਨੀਤਕ ਤਣਾਅ ਕਾਰਨ ਨਾਗਰਿਕ ਅਤੇ ਵਿਦਿਆਰਥੀ ਪ੍ਰਭਾਵਿਤ ਹੋ ਰਹੇ ਹਨ। ਤਣਾਅ ਦਰਮਿਆਨ ਇਮੀਗ੍ਰੇਸ਼ਨ ਬੈਕਲਾਗ ਦਾ ਅਸਰ ਭਾਰਤੀਆਂ 'ਤੇ ਸਭ ਤੋਂ ਵੱਧ ਦੇਖਣ ਨੂੰ ਮਿਲ ਰਿਹਾ ਹੈ। ਕੈਨੇਡਾ ਨੇ ਭਾਰਤ ਵਿਚ ਡਿਪਲੋਮੈਟਿਕ ਸਟਾਫ਼ ਘਟਾ ਦਿੱਤਾ ਹੈ, ਜਿਸ ਕਾਰਨ ਭਾਰਤੀਆਂ ਨੂੰ ਵੀਜ਼ਾ ਲੈਣ ਵਿਚ ਜ਼ਿਆਦਾ ਸਮਾਂ ਲੱਗ ਰਿਹਾ ਹੈ। ਘੱਟ ਡਿਪਲੋਮੈਟ ਹੋਣ ਦਾ ਮਤਲਬ ਹੈ ਭਾਰਤੀਆਂ ਲਈ ਲੰਬਾ ਇੰਤਜ਼ਾਰ। ਕੈਨੇਡਾ ਲੰਬੇ ਸਮੇਂ ਤੋਂ ਭਾਰਤੀ ਵਿਦਿਆਰਥੀਆਂ ਅਤੇ ਕਾਮਿਆਂ ਲਈ ਸਭ ਤੋਂ ਪਸੰਦੀਦਾ ਦੇਸ਼ ਮੰਨਿਆ ਜਾਂਦਾ ਰਿਹਾ ਹੈ। ਖਾਸ ਕਰਕੇ ਇਹ ਪੰਜਾਬ ਦੇ ਲੋਕਾਂ ਦੀ ਪਹਿਲੀ ਪਸੰਦ ਰਹੀ ਹੈ।

25 ਲੱਖ ਦੇ ਕਰੀਬ ਬਿਨੈਕਾਰਾਂ ਦਾ ਵੀਜ਼ਾ ਪੈਂਡਿੰਗ ਹੈ। ਪਰ 11 ਲੱਖ ਕੇਸ ਅਜਿਹੇ ਹਨ, ਜਿਨ੍ਹਾਂ ਵਿਚ ਦੇਰੀ ਹੋ ਰਹੀ ਹੈ। ਇਨ੍ਹਾਂ ਵਿਚ ਅਜਿਹੇ ਲੋਕ ਵੀ ਹਨ, ਜਿਨ੍ਹਾਂ ਨੂੰ ਪੰਜਾਬ ਤੋਂ ਕੈਨੇਡਾ ਸਿਰਫ਼ ਵਿਆਹ ਲਈ ਹੀ ਨਹੀਂ, ਸਗੋਂ ਕਾਰੋਬਾਰੀ ਕੰਮਾਂ ਲਈ ਵੀ ਜਾਣਾ ਪੈਂਦਾ ਹੈ ਪਰ ਵੀਜ਼ਾ ਨਾ ਮਿਲਣ ਕਾਰਨ ਇਹ ਸਿਸਟਮ ਵਿਗੜ ਗਿਆ ਹੈ। ਪਰਮਾਨੈਂਟ ਰੈਜ਼ੀਡੈਂਸੀ ਬਿਨੈਕਾਰ ਧਾਰਕ ਵੀ ਕੈਨੇਡਾ ਵਿਚ ਪੀ.ਆਰ. ਮਿਲਣ 'ਤੇ ਸਹੂਲਤਾਂ ਲੈਣ ਦੀ ਉਡੀਕ ਕਰ ਰਹੇ ਹਨ ਪਰ ਸਥਿਤੀ ਅਜਿਹੀ ਹੈ ਕਿ 3,05,200 ਅਰਜ਼ੀਆਂ ਬੈਕਲਾਗ ਵਿਚ ਪਈਆਂ ਹਨ। ਇਨ੍ਹਾਂ ਵਿਚ ਜ਼ਿਆਦਾਤਰ ਪੰਜਾਬੀ ਭਾਈਚਾਰੇ ਦੇ ਲੋਕ ਹਨ। ਅਸਥਾਈ ਰਿਹਾਇਸ਼ੀ 7,53,700 ਅਰਜ਼ੀਆਂ ਪੈਂਡਿੰਗ ਹਨ।

ਵੀਜ਼ਾ ਪ੍ਰੋਸੈਸਿੰਗ ਸਮੇਂ ਵਿੱਚ ਵਾਧੇ ਕਾਰਨ ਭਾਰਤੀ ਵਿਦਿਆਰਥੀਆਂ ਨੂੰ ਸਮੇਂ ਸਿਰ ਆਪਣੀ ਪੜ੍ਹਾਈ ਸ਼ੁਰੂ ਕਰਨ ਵਿਚ ਮੁਸ਼ਕਲ ਹੋ ਰਹੀ ਹੈ। ਭਾਰਤੀ ਕਾਮੇ ਵੀ ਸਮੇਂ ਸਿਰ ਕੰਪਨੀਆਂ ਵਿਚ ਸ਼ਾਮਲ ਨਹੀਂ ਹੋ * ਬਾਕੀ ਸਫਾ 2 'ਤੇ

ਟਰੰਪ ਕੈਨੇਡਾ, ਮੈਕਸੀਕੋ ਤੇ ਚੀਨ ਨਾਲ ਲੜੇਗਾ ਵਪਾਰਕ ਲੜਾਈ

ਵਾਸ਼ਿੰਗਟਨ (ਪੰਜਾਬ ਸਟਾਰ ਬਿਊਰੋ) : ਅਮਰੀਕਾ ਦੇ ਦੂਜੀ ਵਾਰ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਐਲਾਨ ਕੀਤਾ ਹੈ ਕਿ ਉਹ 20 ਜਨਵਰੀ 2025 ਨੂੰ ਆਪਣੇ ਅਹੁਦੇ ਦੀ ਸਹੁੰ ਚੁੱਕਣ ਤੋਂ ਤੁਰੰਤ ਬਾਅਦ ਆਪਣੇ ਗੁਆਂਢੀ ਮੁਲਕਾਂ ਕੈਨੇਡਾ ਅਤੇ ਮੈਕਸੀਕੋ ਸਮੇਤ ਚੀਨ ਨਾਲ ਵੀ ਵਪਾਰਕ ਲੜਾਈ ਲੜੇਗਾ। ਉਨ੍ਹਾਂ ਸਪੱਸ਼ਟ ਸ਼ਬਦਾਂ 'ਚ ਆਪਣੇ ਸੋਸ਼ਲ ਮੀਡੀਆ 'ਟਰੂਥ' 'ਤੇ ਇਹ ਐਲਾਨ ਕੀਤਾ ਕਿ ਜੇ ਇਹ ਦੇਸ਼ ਉਸ ਦੀਆਂ ਸ਼ਰਤਾਂ ਨਹੀਂ ਮੰਨਣਗੇ, ਤਾਂ ਇਨ੍ਹਾਂ ਮੁਲਕਾਂ 'ਤੇ ਟੈਰਿਫ ਆਇਦ ਕਰ ਦਿੱਤੀ ਜਾਵੇਗੀ। ਟਰੰਪ ਦਾ ਕਹਿਣਾ ਹੈ ਕਿ ਇਨ੍ਹਾਂ ਮੁਲਕਾਂ ਤੋਂ ਭਾਰੀ ਮਾਤਰਾ ਵਿਚ ਡਰੱਗ ਅਮਰੀਕਾ ਪਹੁੰਚ ਰਹੀ ਹੈ। ਇਸ ਦੇ ਨਾਲ-ਨਾਲ ਗੈਰ ਕਾਨੂੰਨੀ ਲੋਕ ਵੀ ਅਮਰੀਕਾ ਵਿਚ ਦਾਖਲ ਹੋ ਰਹੇ ਹਨ। ਇਨ੍ਹਾਂ ਮੁਲਕਾਂ 'ਤੇ ਟੈਰਿਫ ਓਨੀ ਦੇਰ ਲਾਗੂ ਰਹੇਗੀ, ਜਿੰਨੀ ਦੇਰ ਇਹ ਮੁਲਕ ਮੇਰੀਆਂ ਸ਼ਰਤਾਂ ਵੱਲ ਧਿਆਨ ਨਹੀਂ ਦਿੰਦੇ।

ਉਧਰ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਡੋਨਾਲਡ ਟਰੰਪ ਨੂੰ ਫੋਨ ਕਰਕੇ ਕਿਹਾ ਹੈ ਕਿ ਸਾਡੇ ਦੋਵਾਂ ਮੁਲਕਾਂ ਦੇ ਸੰਬੰਧ ਬਹੁਤ ਪੁਰਾਣੇ ਤੇ ਚੰਗੇ ਹਨ, ਇਸ ਵਿਚ ਵਿਗਾੜ ਨਹੀਂ ਪੈਣਾ ਚਾਹੀਦਾ। ਇਸੇ ਤਰ੍ਹਾਂ ਮੈਕਸੀਕੋ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਨੇ ਕਿਹਾ ਹੈ ਕਿ ਟੈਰਿਫ ਲਾਉਣ ਜਾਂ ਧਮਕੀਆਂ ਦੇਣ ਨਾਲ ਅਜਿਹੇ ਮੁੱਦੇ * ਬਾਕੀ ਸਫਾ 2 'ਤੇ

ਸ਼ੈਰੀਡਨ ਕਾਲਜ 40 ਪ੍ਰੋਗਰਾਮਾਂ ਨੂੰ ਕਰੇਗਾ ਮੁਅੱਤਲ

ਸਟਾਫ਼ 'ਚ ਵੀ ਹੋਵੇਗੀ ਕਟੌਤੀ

ਵਿਨੀਪੈਗ (ਪੰਜਾਬ ਸਟਾਰ ਬਿਊਰੋ): ਫੈਡਰਲ ਸਰਕਾਰ ਵੱਲੋਂ ਅੰਤਰਰਾਸ਼ਟਰੀ ਪੋਸਟ-ਸੈਕੰਡਰੀ ਵਿਦਿਆਰਥੀਆਂ ਲਈ ਸਟੱਡੀ ਪਰਮਿਟਾਂ 'ਤੇ ਕੈਪ ਲਗਾਉਣ ਦੇ ਐਲਾਨ ਕਰਨ ਤੋਂ ਬਾਅਦ ਸ਼ੈਰੀਡਨ ਕਾਲਜ ਵਿੱਤੀ ਚੁਣੌਤੀਆਂ ਦਾ ਸਾਹਮਣਾ ਕਰਨ ਵਾਲਾ ਪਹਿਲਾ ਕਾਲਜ ਹੈ। ਕਾਲਜ ਦੇ ਅਨੁਸਾਰ ਇਥੇ 40,000 ਤੋਂ ਵੱਧ ਵਿਦਿਆਰਥੀ ਹਨ। ਇਹ ਕੈਨੇਡਾ ਦਾ ਚੋਟੀ ਦਾ ਐਨੀਮੇਸ਼ਨ ਕਾਲਜ ਮੰਨਿਆ ਜਾਂਦਾ ਹੈ ਜਿਸ ਵਿੱਚ ਸੱਤ ਸ਼ੈਰੀਡਨ-ਸਿਖਲਾਈ ਪ੍ਰਾਪਤ ਐਨੀਮੇਟਰਾਂ ਨੇ ਅਕੈਡਮੀ ਅਵਾਰਡ ਜਿੱਤਿਆ ਹੈ।

ਓਨਟਾਰੀਓ ਦੇ ਇਸ ਕਾਲਜ ਨੇ ਸਰਕਾਰੀ ਨੀਤੀ ਵਿਚ ਤਬਦੀਲੀ ਅਤੇ ਦਾਖ਼ਲੇ ਵਿਚ ਗਿਰਾਵਟ ਦਾ ਹਵਾਲਾ ਦਿੰਦੇ ਹੋਏ ਆਪਣੇ ਦਰਜਨਾਂ ਪ੍ਰੋਗਰਾਮਾਂ ਨੂੰ ਮੁਅੱਤਲ ਕਰ ਦਿੱਤਾ ਹੈ ਅਤੇ ਆਪਣੇ ਸਟਾਫ਼ ਨੂੰ ਘਟਾ ਦਿੱਤਾ ਹੈ। ਸ਼ੈਰੀਡਨ ਕਾਲਜ ਨੇ ਆਪਣੀ ਵੈੱਬਸਾਈਟ ਤੇ ਕਿਹਾ ਹੈ ਕਿ ਇਨ੍ਹਾਂ ਪ੍ਰੋਗਰਾਮਾਂ ਵਿੱਚ ਸਾਰੇ ਮੌਜੂਦਾ ਵਿਦਿਆਰਥੀਆਂ ਨੂੰ ਗ੍ਰੈਜੂਏਟ ਹੋਣ ਦਾ ਮੌਕਾ ਮਿਲੇਗਾ, ਪਰ ਅਸੀਂ ਅੱਗੇ ਨਵੇਂ ਸਾਲ ਦੇ ਵਿਦਿਆਰਥੀਆਂ ਨੂੰ ਦਾਖਲਾ * ਬਾਕੀ ਸਫਾ 2 'ਤੇ

ਦੇਸੀ ਤਰੀਕੇ ਨਾਲ ਕੈਂਸਰ ਠੀਕ ਦੇ ਦਾਅਵੇ ਨੂੰ ਲੈ ਕੇ ਸਿੱਧੂ ਨੂੰ ਭੇਜਿਆ 850 ਕਰੋੜ ਦਾ ਕਾਨੂੰਨੀ ਨੋਟਿਸ

(ਪੰਜਾਬ ਸਟਾਰ ਬਿਊਰੋ) ਛੱਤੀਸਗੜ੍ਹ ਸਿਵਲ ਸੁਸਾਇਟੀ ਨੇ ਸਾਬਕਾ ਕ੍ਰਿਕਟਰ ਅਤੇ ਪੰਜਾਬ ਕਾਂਗਰਸ ਨੇਤਾ ਨਵਜੋਤ ਸਿੰਘ ਸਿੱਧੂ ਨੂੰ ਕਾਨੂੰਨੀ ਨੋਟਿਸ ਜਾਰੀ ਕੀਤਾ ਹੈ। ਨੋਟਿਸ 'ਚ ਸਿੱਧੂ ਨੂੰ ਪਤਨੀ ਨਵਜੋਤ ਕੌਰ * ਬਾਕੀ ਸਫਾ 2 'ਤੇ

ਟੈਲੀਵਿਜ਼ਨ ਚੈਨਲ ਲਈ ਐਂਕਰ/ਮਾਰਕੀਟਿੰਗ ਸਟਾਫ਼ ਦੀ ਲੋੜ ਹੈ
ਮਿਸੀਸਾਗਾ ਸਥਿਤ ਟੈਲੀਵਿਜ਼ਨ ਚੈਨਲ ਨੂੰ ਐਂਕਰ (ਹੋਸਟ) ਅਤੇ ਮਾਰਕੀਟਿੰਗ ਲਈ ਲੜਕੇ/ਲੜਕੀਆਂ ਦੀ ਲੋੜ ਹੈ, ਵਧੇਰੇ ਜਾਣਕਾਰੀ ਲਈ 905-673-7666 'ਤੇ ਸੰਪਰਕ ਕਰ ਸਕਦੇ ਹਨ। ਤੁਸੀਂ ਚੰਗੇ ਪੈਸੇ ਬਣਾ ਸਕਦੇ ਹੋ।

Canada Consumer Credit Assistance ਕਰਜ਼ਾ ਰਹਿਤ ਜਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?

ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available
1888-864-3131
Jasbir Singh Hundal
Registered Credit Counsellor
www.MakeMeDebtFree.ca
416-502-3100
Unit #20 - 7015 Tranmere Drive, Mississauga, ON, L5S 1T7

A-One Truck & Trailer Repair
Specialist in Engine & Differential rebuilt
ਟਰੱਕਾਂ ਦੀ ਹਰ ਤਰ੍ਹਾਂ ਦੀ ਰਿਪੇਅਰ ਲਈ ਪਹੁੰਚੋ
ਵਾਜਬ ਕੀਮਤ
ਵਧੀਆ ਸਰਵਿਸ
647-808-9569, 416-388-1605
1246 Aimco Blvd, Mississauga, ON L4W 1B2

Gill Tire Centre
ਟਰੱਕਾਂ ਦੇ ਟਾਇਰ ਵਾਜਬ ਕੀਮਤਾਂ ਵਿੱਚ ਲੈਣ ਲਈ ਪਹੁੰਚੋ ਗਿੱਲ ਟਾਇਰ ਸੈਂਟਰ
1246 Aimco Blvd, Mississauga, ON L4W 1B2
647-808-9569, 416-388-1605

FOR ALL YOUR REAL ESTATE NEEDS

Harjit Brar
Sales Representative
416-417-6010

ਕਿਸੇ ਤਰ੍ਹਾਂ ਦੀ ਵੀ ਪ੍ਰੌਪਰਟੀ ਖਰੀਦਣ ਜਾਂ ਵੇਚਣ ਲਈ ਜ਼ਰੂਰ ਸੰਪਰਕ ਕਰੋ

HOMELIFE
HIGHER STANDARDS
HOMELIFE MAPLE LEAF REALTY LTD., BROKERAGE
Independently Owned and Operated
Ph: 905-456-9090

ਅਮਰੀਕਾ ਦੇ ਪਰਿਵਾਰਕ ਵੀਜ਼ੇ ਰੁਕੇ

ਵਾਸ਼ਿੰਗਟਨ : ਯੂ.ਐੱਸ. ਡਿਪਾਰਟਮੈਂਟ ਆਫ ਸਟੇਟ ਵੱਲੋਂ ਦਸੰਬਰ 2024 ਦਾ ਵੀਜ਼ਾ ਬੁਲੇਟਿਨ ਜਾਰੀ ਕਰ ਦਿੱਤਾ ਗਿਆ ਹੈ। ਇਸ ਮਹੀਨੇ ਬੁਲੇਟਿਨ 'ਚ ਕੋਈ ਹਿਲਜੁਲ ਦੇਖਣ ਨੂੰ ਨਹੀਂ ਮਿਲੀ। ਅਮਰੀਕਾ ਦੇ ਜਿਹੜੇ ਸਿਟੀਜ਼ਨ ਨਾਗਰਿਕਾਂ ਵੱਲੋਂ ਭਾਰਤ 'ਚ ਰਹਿ ਰਹੇ ਆਪਣੇ ਭੈਣਾਂ-ਭਰਾਵਾਂ ਨੂੰ F-4 ਕੈਟਾਗਰੀ ਲਈ ਅਪਲਾਈ ਕੀਤਾ ਹੈ, ਅਤੇ ਭੈਣ-ਭਰਾਵਾਂ ਅਤੇ ਬੱਚੇ ਜਿਹੜੇ 21 ਸਾਲ ਤੋਂ ਘੱਟ ਹਨ, ਉਨ੍ਹਾਂ ਲਈ ਤਰੀਕ 8 ਮਾਰਚ, 2006 ਹੈ।

ਯੂ.ਐੱਸ. ਸਿਟੀਜ਼ਨ ਦੇ ਵਿਆਹੇ ਹੋਏ ਬੱਚੇ ਤੇ ਉਨ੍ਹਾਂ ਦੇ ਅੱਗਿਓਂ ਛੋਟੇ ਬੱਚੇ ਯਾਨੀ ਕਿ F-3 ਕੈਟਾਗਰੀ ਲਈ ਜਿਨ੍ਹਾਂ ਨੇ ਅਪਲਾਈ ਕੀਤਾ ਹੈ, ਉਨ੍ਹਾਂ ਦੀ ਤਰੀਕ 15 ਅਪ੍ਰੈਲ 2010 ਹੈ।

ਗਰੀਨ ਕਾਰਡ ਹੋਲਡਰ ਵੱਲੋਂ ਅਪਲਾਈ ਕੀਤੇ 21 ਸਾਲ ਤੋਂ ਵੱਧ ਉਮਰ ਦੇ ਬੱਚੇ, ਜੋ ਕਿ F-2B ਕੈਟਾਗਰੀ ਨਾਲ ਸੰਬੰਧਤ ਹਨ, ਅਰਜ਼ੀਕਾਰਾਂ ਦੀ ਉਡੀਕ ਮਿਤੀ ਇਸ ਵੇਲੇ 1 ਮਈ 2016 ਚੱਲ ਰਹੀ ਹੈ। ਇਸ ਵਾਰ ਇਸ ਵਿਚ ਵੀ ਕੋਈ ਤਬਦੀਲੀ ਦੇਖਣ ਨੂੰ ਨਹੀਂ ਮਿਲੀ। ਗਰੀਨ ਕਾਰਡ ਹੋਲਡਰ ਪਤੀ-ਪਤਨੀ ਦੇ 21 ਸਾਲ ਤੋਂ ਘੱਟ ਬੱਚੇ, ਜਿਹੜੇ ਕਿ F-2A ਕੈਟਾਗਰੀ 'ਚ ਆਉਂਦੇ ਹਨ, ਉਨ੍ਹਾਂ ਦੀ ਤਰੀਕ 1 ਜਨਵਰੀ 2022 ਹੈ। ਅਮਰੀਕਨ ਸਿਟੀਜ਼ਨ ਦੇ ਅਣਵਿਆਹੇ ਬੱਚੇ, ਜਿਹੜੇ ਕਿ 21 ਸਾਲ ਤੋਂ ਵੱਧ ਹਨ, ਉਨ੍ਹਾਂ ਦੀ ਸਮਾਂ ਸੂਚੀ 22 ਅਕਤੂਬਰ 2015 ਦਰਸਾ ਰਹੀ ਹੈ, ਇਸ ਵਿਚ ਵੀ ਕੋਈ ਵਾਧਾ ਨਹੀਂ ਹੋਇਆ।

ਨੈਸ਼ਨਲ ਵੀਜ਼ਾ ਸੈਂਟਰ ਵੱਲੋਂ ਇੰਟਰਵਿਊ ਦਾ ਸਮਾਂ F-4 ਕੈਟਾਗਰੀ ਲਈ 1 ਅਗਸਤ, 2006 ਤੋਂ ਪਹਿਲਾਂ ਅਪਲਾਈ ਹੋਏ ਅਰਜ਼ੀਕਾਰਾਂ ਤੋਂ ਪੇਪਰ ਮੰਗੇ ਜਾ ਰਹੇ ਹਨ।

F-3 ਕੈਟਾਗਰੀ ਲਈ 22 ਅਪ੍ਰੈਲ, 2012, F-2B ਕੈਟਾਗਰੀ ਲਈ 1 ਜਨਵਰੀ, 2017, F-2A ਕੈਟਾਗਰੀ ਲਈ 15 ਜੁਲਾਈ, 2024 ਅਤੇ F-1 ਕੈਟਾਗਰੀ ਲਈ 1 ਸਤੰਬਰ 2017 ਵਾਲਿਆਂ ਕੋਲੋਂ ਸਪੋਰਟਿੰਗ ਪੇਪਰ ਮੰਗਵਾਏ ਜਾ ਰਹੇ ਹਨ।

ਨੋਵਾ ਸਕੋਸ਼ੀਆ ਵਿਧਾਨ ਸਭਾ ਚੋਣਾਂ 'ਚ ਪੀ.ਸੀ. ਪਾਰਟੀ ਦੀ ਵੱਡੀ ਜਿੱਤ

55 ਮੈਂਬਰਾਂ ਵਾਲੀ ਵਿਧਾਨ ਸਭਾ ਵਿਚ 42 ਸੀਟਾਂ ਜਿੱਤੀਆਂ

ਹੈਲੀਫੈਕਸ : ਨੋਵਾ ਸਕੋਸ਼ੀਆ ਵਿਧਾਨ ਸਭਾ ਚੋਣਾਂ ਵਿਚ ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਨੇ ਵੱਡੀ ਜਿੱਤ ਦਰਜ ਕਰਦਿਆਂ ਸੱਤਾ ਵਿਚ ਵਾਪਸੀ ਕੀਤੀ ਹੈ ਜਦਕਿ ਐਨ.ਡੀ.ਪੀ. ਨੂੰ ਮੁੱਖ ਵਿਰੋਧੀ ਧਿਰ ਦਾ ਦਰਜਾ ਮਿਲਿਆ ਹੈ। ਦੂਜੇ ਪਾਸੇ ਲਿਬਰਲ ਪਾਰਟੀ ਸਿਰਫ ਤਿੰਨ ਸੀਟਾਂ ਨਾਲ ਤੀਜੇ ਸਥਾਨ 'ਤੇ ਰਹੀ। ਪ੍ਰੀਮੀਅਰ ਟਿਮ ਹਿਊਸਟਨ ਨੇ ਨੋਵਾ ਸਕੋਸ਼ੀਆ ਦੇ ਲੋਕਾਂ ਦਾ ਸ਼ੁਕਰੀਆ ਅਦਾ ਕੀਤਾ ਜਿਨ੍ਹਾਂ ਵੱਲੋਂ ਦੂਜੀ ਉਨ੍ਹਾਂ ਉਤੇ ਭਰੋਸਾ ਜ਼ਾਹਰ ਕਰਦਿਆਂ ਸੂਬੇ ਦੀ ਵਾਗਡੋਰ ਸੌਂਪੀ ਗਈ ਹੈ।

ਨੋਵਾ ਸਕੋਸ਼ੀਆ ਦੀ 55 ਮੈਂਬਰਾਂ ਵਾਲੀ ਵਿਧਾਨ ਸਭਾ ਵਿਚ ਪੀ.ਸੀ. ਪਾਰਟੀ ਨੂੰ 42 ਸੀਟਾਂ ਮਿਲੀਆਂ ਜਦਕਿ ਐਨ.ਡੀ.ਪੀ. 9 ਸੀਟਾਂ ਹਾਸਲ ਕਰਨ ਸਫਲ ਰਹੀ। ਚੋਣ ਸਰਵੇਖਣਾਂ ਵਿਚ ਵਿਰੋਧੀ ਧਿਰ ਦੇ ਦਰਜੇ ਵਾਸਤੇ ਐਨ.ਡੀ.ਪੀ. ਅਤੇ ਲਿਬਰਲ ਪਾਰਟੀ ਦਰਮਿਆਨ ਫਸਵੀਂ ਟੱਕਰ ਹੋਣ ਦੇ ਸੰਕੇਤ ਮਿਲ ਰਹੇ ਸਨ ਪਰ ਚੋਣ ਨਤੀਜੇ ਇਕ ਪਾਸੜ ਰਹੇ। ਸੂਬੇ ਵਿਚ ਚੋਣਾਂ ਦੀ ਅਸਲ ਤਰੀਕ 15 ਜੁਲਾਈ 2025 ਸੀ ਪਰ ਪ੍ਰੀਮੀਅਰ ਟਿਮ ਹਿਊਸਟਨ ਵੱਲੋਂ ਸਮੇਂ ਤੋਂ ਪਹਿਲਾਂ ਚੋਣਾਂ ਕਰਵਾਉਣ ਦਾ ਫੈਸਲਾ ਲਿਆ ਗਿਆ। ਟਿਮ ਹਿਊਸਟਨ ਦੀ ਅਗਵਾਈ ਹੇਠ 2021 ਵਿਚ ਪੀ.ਸੀ. ਪਾਰਟੀ ਨੇ ਲਿਬਰਲ ਸਰਕਾਰ ਦੀਆਂ ਜੜਾਂ ਪੁੱਟ ਦਿਤੀਆਂ ਅਤੇ ਹੁਣ ਦੂਜੀ ਵਾਰ ਨੋਵਾ ਸਕੋਸ਼ੀਆ ਦੀ ਸੱਤਾ ਹਾਸਲ ਕੀਤੀ ਹੈ। ਪਿਕਟੋ ਈਸਟ ਰਾਈਡਿੰਗ ਤੋਂ 2013 ਵਿਚ ਪਹਿਲੀ ਵਾਰ ਵਿਧਾਇਕ ਚੁਣੇ ਗਏ ਟਿਮ ਹਿਊਸਟਨ ਨੇ ਲਗਾਤਾਰ ਚੌਥੀ ਜਿੱਤ ਦਰਜ ਕੀਤੀ। ਉਹ 2018 ਵਿਚ ਪੀ.ਸੀ. ਪਾਰਟੀ ਦੇ ਆਗੂ ਬਣੇ ਸਨ। ਨਿਊ ਗਲਾਸਗੋ ਵਿਖੇ ਪੀ.ਸੀ. ਪਾਰਟੀ ਦੇ ਮੁੱਖ ਦਫ਼ਤਰ ਵਿਚ ਮੀਡੀਆ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ, ''ਸੂਬੇ ਦੇ ਲੋਕਾਂ ਨੂੰ ਬਹੁਤ ਬਹੁਤ ਪਿਆਰ। ਲੋਕਾਂ ਦੇ ਸਾਥ ਸਦਕਾ ਹੀ ਇਥੋਂ ਤੱਕ ਪੁੱਜ ਸਕੇ ਅਤੇ ਹੁਣ ਅਗਲਾ ਸਫਰ ਸ਼ੁਰੂ ਕਰ ਰਹੇ ਹਾਂ।'' ਹਿਊਸਟਨ ਨੇ ਅੱਗੇ ਕਿਹਾ ਕਿ ਲੋਕਾਂ ਦੀ ਕਰੜੀ ਮਿਹਨਤ ਸਦਕਾ ਹੀ ਨੋਵਾ ਸਕੋਸ਼ੀਆ ਪੈਰਾਂ ਸਿਰ ਖੜ੍ਹਾ ਹੋਇਆ ਹੈ। ਐਨ.ਡੀ.ਪੀ. ਦੀ ਆਗੂ ਕਲੌਂਡੀਆ ਚੈਂਡਰ ਨੇ ਹੈਲੀਫੈਕਸ ਵਿਖੇ ਪਾਰਟੀ ਮੁੱਖ ਦਫ਼ਤਰ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਕਮਿਊਨਿਟੀ ਦੀ ਸੇਵਾ ਕਰਨਾ ਮਾਣ ਵਾਲੀ ਗੱਲ ਹੈ ਅਤੇ ਚੋਣਾਂ ਦੌਰਾਨ ਪਾਰਟੀ ਵਰਕਰਾਂ ਤੇ ਵਾਲੰਟੀਅਰਜ਼ ਵੱਲੋਂ ਕੀਤੀ ਅਣਥੱਕ ਮਿਹਨਤ ਲਈ ਐਨ.ਡੀ.ਪੀ. ਸ਼ੁਕਰਗੁਜ਼ਾਰ ਹੈ।

ਪੇਜ ਇੱਕ ਦੀ ਬਾਕੀ

ਗਾਜ਼ਾ ਪੱਟੀ 'ਤੇ...

ਨੇ ਅਜੇ ਤੱਕ ਹਮਲਿਆਂ 'ਤੇ ਕੋਈ ਟਿੱਪਣੀ ਨਹੀਂ ਕੀਤੀ ਹੈ। ਇਜ਼ਰਾਈਲ 7 ਅਕਤੂਬਰ, 2023 ਨੂੰ ਦੱਖਣੀ ਇਜ਼ਰਾਈਲ ਦੀ ਸਰਹੱਦ ਤੋਂ ਹਮਾਸ ਦੇ ਹਮਲੇ ਦੇ ਜਵਾਬ ਵਿਚ ਗਾਜ਼ਾ ਪੱਟੀ ਵਿਚ ਹਮਾਸ ਦੇ ਵਿਰੁੱਧ ਵੱਡੇ ਪੱਧਰ 'ਤੇ ਹਮਲਾ ਕਰ ਰਿਹਾ ਹੈ, ਜਿਸ ਵਿਚ ਲਗਭਗ 1,200 ਇਜ਼ਰਾਈਲੀ ਮਾਰੇ ਗਏ ਸਨ ਅਤੇ ਲਗਭਗ 250 ਨੂੰ ਬੰਧਕ ਬਣਾ ਲਿਆ ਗਿਆ ਸੀ। ਗਾਜ਼ਾ-ਅਧਾਰਤ ਸਿਹਤ ਅਧਿਕਾਰੀਆਂ ਅਨੁਸਾਰ, ਗਾਜ਼ਾ ਪੱਟੀ ਵਿਚ ਚੱਲ ਰਹੇ ਇਜ਼ਰਾਈਲੀ ਹਮਲਿਆਂ ਵਿਚ ਮਾਰੇ ਗਏ ਫਲਸਤੀਨੀਆਂ ਦੀ ਗਿਣਤੀ 44,249 ਹੋ ਗਈ ਹੈ।

ਹੁਣ ਕੈਨੇਡਾ 'ਚ ਪੱਕੇ...

ਲੇਬਰ ਮਾਰਕੀਟ ਇੰਪੈਕਟ ਅਸੈਸਮੈਂਟਸ ਦੇ ਨਾਂ 'ਤੇ ਲੋਕਾਂ ਨੂੰ ਠੱਗਿਆ ਜਾ ਰਿਹਾ ਹੈ ਅਤੇ ਕਾਲਾ ਬਾਜ਼ਾਰੀ ਕਰਦਿਆਂ ਇਕ ਕਾਗ਼ਜ਼ ਲਈ 70 ਹਜ਼ਾਰ ਡਾਲਰ ਤੱਕ ਦੀ ਮੰਗ ਕੀਤੀ ਜਾ ਰਹੀ ਹੈ। ਇਸ ਦੇ ਮੱਦੇਨਜ਼ਰ ਕੈਨੇਡਾ ਸਰਕਾਰ ਇਮੀਗ੍ਰੇਸ਼ਨ ਨਿਯਮਾਂ ਵਿਚ ਸਖ਼ਤੀ ਕਰਨ ਲਈ ਮਜਬੂਰ ਹੋ ਰਹੀ ਹੈ। ਪ੍ਰਾਪਤ ਜਾਣਕਾਰੀ ਮੁਤਾਬਕ ਫ਼ਰਜ਼ੀ ਨੌਕਰੀਆਂ ਲਈ ਐੱਲਐੱਮਆਈਏ ਤਿਆਰ ਕਰਵਾਏ ਜਾਂਦੇ ਹਨ ਅਤੇ ਨੌਜਵਾਨਾਂ ਦਾ ਵੱਡੇ ਪੱਧਰ 'ਤੇ ਸ਼ੋਸ਼ਣ ਕੀਤਾ ਜਾਂਦਾ ਹੈ। ਇਸ ਵੇਲੇ ਕੈਨੇਡੀਅਨ ਪੀਆਰ ਲਈ ਸੀਆਰਐੱਸ ਸਕੋਰ 500 ਤੋਂ ਉੱਤੇ ਚੱਲ ਰਿਹਾ ਹੈ ਅਤੇ ਐੱਲਐੱਮਆਈਏ ਦੇ 50 ਵਾਧੂ ਅੰਕ ਪੀਆਰ ਦਿਵਾਉਣ 'ਚ ਕਾਰਗਰ ਸਾਬਤ ਹੁੰਦੇ ਹਨ ਪਰ ਜ਼ਿਆਦਾਤਰ ਮਾਮਲਿਆਂ ਵਿਚ ਇਸ ਸਹੂਲਤ ਦੀ ਵਰਤੋਂ ਠੱਗੀ ਲਈ ਕੀਤੀ ਜਾ ਰਹੀ ਹੈ।

ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਵਰਕ ਪਰਮਿਟ ਦੀ ਮਿਆਦ ਵਿਚ ਵਾਧਾ ਕਰਨ ਲਈ ਬਰੈਂਪਟਨ ਵਿੱਚ ਧਰਨੇ 'ਤੇ ਬੈਠੇ ਸਾਬਕਾ ਕੌਮਾਂਤਰੀ ਵਿਦਿਆਰਥੀਆਂ ਨੂੰ ਸੁਚੇਤ ਕਰਦਿਆਂ ਕਿਹਾ ਕਿ ਸਟੱਡੀ ਵੀਜ਼ੇ ਤੋਂ ਕੈਨੇਡੀਅਨ ਪੀਆਰ ਤੱਕ ਪਹੁੰਚਣ ਦਾ ਰਾਹ ਸੌਖਾ ਨਹੀਂ ਹੈ। ਕੋਈ ਵਿਦਿਆਰਥੀ ਇਹ ਸੋਚ ਕੇ ਕੈਨੇਡਾ ਨਾ ਆਵੇ ਕਿ ਉਹ ਯਕੀਨੀ ਤੌਰ 'ਤੇ ਪੀਆਰ ਹਾਸਲ ਕਰ ਲਵੇਗਾ।

ਟਰੰਪ ਦੀ ਧਮਕੀ...

'ਤੇ ਪੂਰੀ ਨਜ਼ਰ ਰੱਖ ਰਹੇ ਹਾਂ। ਉਨ੍ਹਾਂ ਕਿਹਾ ਕਿ ਇਹ ਅਜਿਹੀ ਸਥਿਤੀ ਹੈ ਜਿੱਥੇ ਅਸੀਂ ਵਾਧੂ ਨਿਵੇਸ਼ ਕਰਕੇ ਲੋਕਾਂ ਨੂੰ ਭਰੋਸਾ ਦਿਵਾ ਸਕਦੇ ਹਾਂ।

ਇਸ਼ਤਿਹਾਰ ਵੀ ਦੇ ਰਹੀ ਕੈਨੇਡਾ ਸਰਕਾਰ

ਕੈਨੇਡੀਅਨ ਸੂਬੇ ਓਂਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਨੇ ਕਿਹਾ ਕਿ ਉਨ੍ਹਾਂ ਨੇ ਟਰੂਡੋ ਨਾਲ ਮੁਲਾਕਾਤ ਦੌਰਾਨ ਗੈਰ-ਕਾਨੂੰਨੀ ਸਰਹੱਦ ਪਾਰ ਕਰਨ 'ਤੇ ਰੋਕ ਲਗਾਉਣ, ਬੰਦੂਕਾਂ ਅਤੇ ਫੈਂਟਾਨਾਇਲ ਵਰਗੀਆਂ ਗੈਰ-ਕਾਨੂੰਨੀ ਦਵਾਈਆਂ ਦੀ ਤਸਕਰੀ ਨੂੰ ਰੋਕਣ 'ਤੇ ਧਿਆਨ ਦੇਣ ਲਈ ਕਿਹਾ ਹੈ। ਜੇਕਰ ਅਜਿਹਾ ਨਾ ਕੀਤਾ ਗਿਆ ਤਾਂ ਟਰੰਪ ਦੇ ਟੈਰਿਫ ਕੈਨੇਡਾ ਵਿੱਚ ਆਰਥਿਕ ਸੰਕਟ ਪੈਦਾ ਕਰ ਸਕਦੇ ਹਨ। ਅਲਬਰਟਾ ਦੇ ਪ੍ਰੀਮੀਅਰ ਡੈਨੀਅਲ ਸਮਿਥ ਨੇ ਕਿਹਾ ਕਿ ਉਨ੍ਹਾਂ ਦਾ ਸੂਬਾ ਸਰਹੱਦੀ ਗਸ਼ਤ ਵਧਾਏਗਾ। ਕੈਨੇਡਾ ਨੇ ਵੀ ਅਮਰੀਕਾ ਨਾਲ ਆਪਣੇ ਸਬੰਧਾਂ ਨੂੰ ਸੰਭਾਲਣ ਲਈ ਇਸ਼ਤਿਹਾਰਾਂ 'ਤੇ ਖਰਚ ਵਧਾ ਦਿੱਤਾ ਹੈ। ਓਂਟਾਰੀਓ ਸਰਕਾਰ ਅਮਰੀਕਾ ਵਿੱਚ ਇੱਕ ਮਿਲੀਅਨ ਡਾਲਰ ਦੀ ਇਸ਼ਤਿਹਾਰਬਾਜ਼ੀ ਮੁਹਿੰਮ ਸ਼ੁਰੂ ਕਰਨ ਦੀ ਯੋਜਨਾ ਬਣਾ ਰਹੀ ਹੈ। ਇਹ ਮੁਹਿੰਮ ਅਮਰੀਕਾ ਨਾਲ ਆਰਥਿਕ ਸਬੰਧਾਂ 'ਤੇ ਜ਼ੋਰ ਦੇਵੇਗੀ। ਮੁਹਿੰਮ ਦਾ ਉਦੇਸ਼ ਭਵਿੱਖ ਵਿੱਚ ਸਹਿਯੋਗ ਅਤੇ ਵਪਾਰਕ ਮੌਕਿਆਂ ਨੂੰ ਵਧਾਉਣਾ ਹੈ।

ਕੈਨੇਡਾ ਨਾਲ ਤਣਾਅ ਦੇ...

ਪਾ ਰਹੇ ਹਨ। ਕੈਨੇਡਾ ਜਾਣ ਦੀ ਸੋਚ ਰਹੇ ਭਾਰਤੀ ਇਮੀਗ੍ਰੇਸ਼ਨ ਬੈਕਲਾਗ ਕਾਰਨ ਕਾਫੀ ਪ੍ਰਭਾਵਿਤ ਹੋਏ ਹਨ। ਇਕ ਹੋਰ ਵੀਜ਼ਾ ਮਾਹਿਰ ਦਾ ਕਹਿਣਾ ਹੈ ਕਿ ਲੰਬੇ ਪ੍ਰੋਸੈਸਿੰਗ ਟਾਈਮ ਦਾ ਮਤਲਬ ਹੈ ਕਿ ਬਿਨੈਕਾਰ ਆਪਣੇ ਸਟੱਡੀ ਪਰਮਿਟ, ਵਰਕ ਵੀਜ਼ਾ ਅਤੇ ਸਥਾਈ ਨਿਵਾਸ ਅਰਜ਼ੀਆਂ 'ਤੇ ਫ਼ੈਸਲਿਆਂ ਦੀ ਉਡੀਕ ਕਰਨ ਲਈ ਲੰਬਾ ਸਮਾਂ ਲੈ ਰਹੇ ਹਨ। ਇਹ ਅਨਿਸ਼ਚਿਤਤਾ ਉਨ੍ਹਾਂ ਦੀ ਪੜ੍ਹਾਈ ਅਤੇ ਨੌਕਰੀ ਦੀਆਂ ਯੋਜਨਾਵਾਂ ਨੂੰ ਵਿਗਾੜ ਸਕਦੀ ਹੈ। ਕੈਨੇਡਾ ਅਤੇ ਭਾਰਤ ਵਿਚਕਾਰ ਕੂਟਨੀਤਕ ਵਿਵਾਦ ਕਾਰਨ ਚੁਣੌਤੀਆਂ ਹੋਰ ਵਧ ਗਈਆਂ ਹਨ। ਉਨ੍ਹਾਂ ਨੂੰ ਨਹੀਂ ਪਤਾ ਕਿ ਉਨ੍ਹਾਂ ਦੀਆਂ ਅਰਜ਼ੀਆਂ 'ਤੇ ਫ਼ੈਸਲਾ ਕਦੋਂ ਆਵੇਗਾ।

ਕੈਨੇਡਾ ਵਿਚ ਨਾਗਰਿਕਤਾ ਹਾਸਲ ਕਰਨ ਤੋਂ ਲੈ ਕੇ ਸਥਾਈ ਨਿਵਾਸ ਪ੍ਰਾਪਤ ਕਰਨ ਤੱਕ ਦਾ ਇੰਤਜ਼ਾਰ ਲੰਮਾ ਹੁੰਦਾ ਜਾ ਰਿਹਾ ਹੈ। ਇਨ੍ਹੀਂ ਦਿਨੀਂ ਕੈਨੇਡਾ ਵਿਚ ਇਮੀਗ੍ਰੇਸ਼ਨ ਲਈ ਅਰਜ਼ੀਆਂ ਦਾ ਵੱਡਾ ਢੇਰ ਲੱਗਾ ਹੋਇਆ ਹੈ। ਪੰਜਾਬ ਦੇ ਨੌਜਵਾਨ ਖਾਸ ਤੌਰ 'ਤੇ ਪ੍ਰਭਾਵਿਤ ਹਨ। ਕੈਨੇਡਾ ਦੇ ਐਡਮਿੰਟਨ ਵਿਚ ਕੰਮ ਕਰਨ ਵਾਲੇ ਇਕ ਵੀਜ਼ਾ ਮਾਹਿਰ ਦਾ ਕਹਿਣਾ ਹੈ ਕਿ ਇਮੀਗ੍ਰੇਸ਼ਨ, ਰਫਿਊਜੀ ਅਤੇ ਸਿਟੀਜ਼ਨਸ਼ਿਪ ਕੈਨੇਡਾ ਕੋਲ 10,97,000 ਅਰਜ਼ੀਆਂ ਹਨ, ਜੋ ਆਪਣੇ ਪ੍ਰੋਸੈਸਿੰਗ ਸਮੇਂ ਤੋਂ ਵੱਧ ਸਮੇਂ ਤੋਂ ਲੰਬਿਤ ਹਨ। 30 ਸਤੰਬਰ ਤੱਕ ਕੈਨੇਡਾ ਵਿਚ ਨਾਗਰਿਕਤਾ, ਸਥਾਈ ਨਾਗਰਿਕਤਾ ਅਤੇ ਅਸਥਾਈ ਨਾਗਰਿਕਤਾ ਲਈ ਕੁੱਲ 24,50,600 ਅਰਜ਼ੀਆਂ ਪ੍ਰਕਿਰਿਆ ਅਧੀਨ ਹਨ, ਜਿਨ੍ਹਾਂ ਵਿਚੋਂ ਜ਼ਿਆਦਾਤਰ ਪੰਜਾਬੀਆਂ ਦੀ ਹਨ।

ਟਰੰਪ ਕੈਨੇਡਾ, ਮੈਕਸੀਕੋ...

ਹੱਲ ਨਹੀਂ ਹੁੰਦੇ। ਉੱਧਰ ਚੀਨ ਦੇ ਅੰਬੈਸਡਰ ਨੇ ਵੀ ਅਮਰੀਕਾ ਦੇ ਨਵੇਂ ਚੁਣੇ ਗਏ ਡੋਨਾਲਡ ਟਰੰਪ ਨੂੰ ਇਸ ਬਾਰੇ ਮੁੜ ਵਿਚਾਰ ਕਰਨ ਲਈ ਹਦਾਇਤ ਦਿੱਤੀ ਹੈ।

ਜ਼ਿਕਰਯੋਗ ਹੈ ਕਿ ਅਮਰੀਕਾ ਇਨ੍ਹਾਂ ਮੁਲਕਾਂ ਤੋਂ ਵੱਖ-ਵੱਖ ਸਾਮਾਨ ਆਯਾਤ ਕਰਦਾ ਹੈ, ਜਿਨ੍ਹਾਂ ਵਿਚ ਗੈਸ, ਲੱਕੜ, ਪਲਾਸਟਿਕ, ਫਰਨੀਚਰ, ਮਸ਼ੀਨਰੀ, ਕਾਰਾਂ, ਇਲੈਕਟ੍ਰਾਨਿਕ ਸਾਮਾਨ, ਕੰਪਿਊਟਰ, ਫੋਨ, ਰੋਜ਼ਾਨਾ ਵਰਤੋਂ ਵਿਚ ਆਉਣ ਵਾਲਾ ਸਾਮਾਨ, ਗਰੋਸਰੀ ਆਦਿ ਤੋਂ ਇਲਾਵਾ ਹੋਰ ਵੀ ਬਹੁਤ ਕੁੱਝ ਸ਼ਾਮਲ ਹੈ। ਜੇ ਇਨ੍ਹਾਂ ਮੁਲਕਾਂ 'ਤੇ ਟੈਰਿਫ ਲਾ ਦਿੱਤੀ ਗਈ, ਤਾਂ ਅਮਰੀਕਾ ਵਿਚ ਇਨ੍ਹਾਂ ਮੁਲਕਾਂ ਤੋਂ ਆਉਣ ਵਾਲਾ ਸਾਮਾਨ ਮਹਿੰਗੇ ਭਾਅ ਮਿਲੇਗਾ, ਜਿਸ ਵਿਚ ਦੇਸ਼ ਵਿਚ ਮਹਿੰਗਾਈ ਵਧ ਸਕਦੀ ਹੈ।

ਸ਼ੈਰੀਡਨ ਕਾਲਜ 40 ਪ੍ਰੋਗਰਾਮਾਂ...

ਨਹੀਂ ਦੇਵਾਂਗੇ। ਬਰੈਂਪਟਨ, ਮਿਸੀਸਾਗਾ ਅਤੇ ਓਕਵਿਲੇ ਵਿਚ ਕੈਂਪਸ ਰੱਖਣ ਵਾਲੇ ਕਾਲਜ ਨੇ ਕਿਹਾ ਕਿ ਕੁਝ ਮੁਅੱਤਲੀਆਂ ਮਈ ਦੇ ਸ਼ੁਰੂ ਵਿਚ ਲਾਗੂ ਹੋਣਗੀਆਂ ਪਰ ਆਉਣ ਵਾਲੇ ਮਹੀਨਿਆਂ ਅਤੇ ਸਾਲਾਂ ਵਿਚ ਪ੍ਰੋਗਰਾਮ ਬੰਦ ਹੋ ਜਾਣਗੇ।

ਸ਼ੈਰੀਡਨ ਕਾਲਜ ਵਿੱਚ ਪ੍ਰਭਾਵਿਤ ਮੁਅੱਤਲ ਕੀਤੇ ਜਾ ਰਹੇ ਪ੍ਰੋਗਰਾਮਾਂ ਵਿੱਚ ਅਪਲਾਈਡ ਸਾਇੰਸ ਐਂਡ ਟੈਕਨਾਲੋਜੀ ਦੀ ਫੈਕਲਟੀ ਵਿੱਚ 13, ਬਿਜ਼ਨਸ ਪ੍ਰੋਗਰਾਮਾਂ ਦੇ 13, ਐਨੀਮੇਸ਼ਨ, ਆਰਟਸ ਅਤੇ ਡਿਜ਼ਾਈਨ ਦੀ ਫੈਕਲਟੀ ਵਿੱਚ ਛੇ, ਅਪਲਾਈਡ ਹੈਲਥ ਐਂਡ ਕਮਿਊਨਿਟੀ ਸਟੱਡੀਜ਼ ਦੀ ਫੈਕਲਟੀ ਵਿੱਚ ਪੰਜ ਅਤੇ ਹਿਊਮੈਨਿਟੀ ਅਤੇ ਸਮਾਜਿਕ ਵਿਗਿਆਨ ਵਿੱਚ ਤਿੰਨ ਪ੍ਰੋਗਰਾਮ ਸ਼ਾਮਲ ਹਨ।

ਇਸ ਸਾਲ ਦੇ ਸ਼ੁਰੂ ਵਿੱਚ ਓਟਾਵਾ ਨੇ ਐਲਾਨ ਕੀਤਾ ਕਿ ਉਹ ਰਿਹਾਇਸ਼ ਦੀ ਘਾਟ ਅਤੇ ਰਹਿਣ ਦੀ ਲਾਗਤ ਦੇ ਜਵਾਬ ਵਿੱਚ ਅੰਤਰਰਾਸ਼ਟਰੀ ਵਿਦਿਆਰਥੀ ਪਰਮਿਟਾਂ ਦੀ ਗਿਣਤੀ ਘਟਾ ਰਿਹਾ ਹੈ। ਪਿਛਲੇ ਮਹੀਨੇ ਕੌਂਸਲ ਆਫ਼ ਓਨਟਾਰੀਓ ਯੂਨੀਵਰਸਿਟੀਜ਼ ਨੇ ਕਿਹਾ ਸੀ ਕਿ ਇਸ ਸੀਮਾ ਨਾਲ ਓਨਟਾਰੀਓ ਦੇ ਸਕੂਲਾਂ ਨੂੰ ਲਗਭਗ 1 ਬਿਲੀਅਨ ਡਾਲਰ ਦਾ ਮਾਲੀਆ ਨੁਕਸਾਨ ਹੋ ਸਕਦਾ ਹੈ।

ਕਾਲਜ ਦੀ ਪ੍ਰੈਜ਼ੀਡੈਂਟ ਜੈਨੇਟ ਮੋਰੀਸਨ ਵੱਲੋਂ ਆਏ ਬਿਆਨ ਅਨੁਸਾਰ ਕਾਲਜ ਦਾ ਅਨੁਮਾਨ ਹੈ ਕਿ ਅਗਲੇ ਸਾਲ 30% ਘੱਟ ਵਿਦਿਆਰਥੀ ਦਾਖ਼ਲਾ ਲੈਣਗੇ ਜਿਸ ਨਾਲ ਮਾਲੀਏ ਵਿਚ ਤਕਰੀਬਨ 112 ਮਿਲੀਅਨ ਡਾਲਰ ਦੀ ਕਮੀ ਆਵੇਗੀ।

ਮੋਰੀਸਨ ਨੇ ਕਿਹਾ ਕਿ 27 ਹੋਰ ਪ੍ਰੋਗਰਾਮਾਂ ਦੀ ਵੀ ਕੁਸ਼ਲਤਾ ਸਮੀਖਿਆ ਕੀਤੀ ਜਾਵੇਗੀ। ਉਨ੍ਹਾਂ ਕਿਹਾ ਲੰਬੇ ਸਮੇਂ ਤੋਂ ਘੱਟ ਫੰਡਿੰਗ ਬਦਲਦੀਆਂ ਸਰਕਾਰੀ ਨੀਤੀਆਂ, ਅਤੇ ਸਮਾਜਿਕ, ਤਕਨੀਕੀ, ਅਤੇ ਆਰਥਿਕ ਵਿਘਨ ਦੇ ਦੌਰਾਨ ਸ਼ੈਰੀਡਨ ਨੂੰ ਵਿੱਤੀ ਤੌਰ 'ਤੇ ਟਿਕਾਊ ਅਤੇ ਜੀਵਤ ਅਦਾਰਾ ਬਣੇ ਰਹਿਣ ਲਈ ਇਹ ਬਦਲਾਅ ਜ਼ਰੂਰੀ ਹਨ।

ਫੈਡਰਲ ਸਰਕਾਰ ਨੇ ਕਿਹਾ ਸੀ ਕਿ 2024 ਲਈ 360,000 ਸਟੱਡੀ ਪਰਮਿਟ ਮਨਜ਼ੂਰ ਕੀਤੇ ਜਾਣਗੇ - ਜੋ ਕਿ 2023 ਦੀ ਤੁਲਨਾ ਵਿਚ 35% ਘੱਟ ਹਨ। ਸਤੰਬਰ ਵਿੱਚ, ਫੈਡਰਲ ਲਿਬਰਲ ਸਰਕਾਰ ਨੇ ਕਿਹਾ ਸੀ ਕਿ ਉਹ ਅੰਤਰਰਾਸ਼

ਟਰੰਪ ਅਮਰੀਕੀ ਫੌਜ 'ਚੋਂ ਟਰਾਂਸਜੈਂਡਰਾਂ ਨੂੰ ਦਿਖਾਉਣਗੇ ਬਾਹਰ ਦਾ ਰਸਤਾ



ਵਾਸ਼ਿੰਗਟਨ : ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਕਥਿਤ ਤੌਰ 'ਤੇ ਕਾਰਜਕਾਰੀ ਆਦੇਸ਼ ਦੀ ਯੋਜਨਾ ਬਣਾ ਰਹੇ ਹਨ, ਜਿਸ ਤਹਿਤ ਸਾਰੇ ਟਰਾਂਸਜੈਂਡਰ ਮੈਂਬਰਾਂ ਨੂੰ ਅਮਰੀਕੀ ਫੌਜ ਤੋਂ ਹਟਾ ਦਿੱਤਾ ਜਾਵੇਗਾ। ਰਿਪੋਰਟ ਅਨੁਸਾਰ ਟਰਾਂਸਜੈਂਡਰਾਂ ਨੂੰ ਡਾਕਟਰੀ ਤੌਰ 'ਤੇ ਛੁੱਟੀ ਦੇ ਦਿੱਤੀ ਜਾਵੇਗੀ, ਜਿਸ ਦਾ ਮਤਲਬ ਹੈ ਕਿ ਉਹ ਸੇਵਾ ਕਰਨ ਲਈ 'ਅਯੋਗ' ਹੋਣਗੇ। 78 ਸਾਲਾ ਆਗੂ ਨੇ ਅਮਰੀਕੀ ਰਾਸ਼ਟਰਪਤੀ ਵਜੋਂ ਆਪਣੇ ਪਹਿਲੇ ਕਾਰਜਕਾਲ ਦੌਰਾਨ ਵੀ ਅਜਿਹਾ ਹੀ ਹੁਕਮ ਲਾਗੂ ਕੀਤਾ ਸੀ। ਉਸ ਨੇ ਟਰਾਂਸਜੈਂਡਰ ਲੋਕਾਂ ਨੂੰ ਹਥਿਆਰਬੰਦ ਬਲਾਂ ਵਿਚ ਸ਼ਾਮਲ ਹੋਣ ਤੋਂ ਰੋਕ ਦਿੱਤਾ ਸੀ ਪਰ ਉਨ੍ਹਾਂ ਨੂੰ ਇਜਾਜ਼ਤ ਦਿੱਤੀ, ਜੋ ਪਹਿਲਾਂ ਹੀ ਆਪਣੀਆਂ ਨੌਕਰੀਆਂ ਕਰ ਰਹੇ ਸਨ। ਹੁਣ ਰਿਪੋਰਟ ਮੁਤਾਬਿਕ ਇਸ ਵਾਰ ਉਨ੍ਹਾਂ ਸਾਰੇ ਟਰਾਂਸਜੈਂਡਰਾਂ ਨੂੰ ਵੀ ਹਟਾ ਦਿੱਤਾ ਜਾਵੇਗਾ, ਜੋ ਫਿਲਹਾਲ ਸਮੇਂ ਸੇਵਾ ਵਿਚ ਹਨ।

ਕਾਰਜਕਾਰੀ ਆਦੇਸ਼ ਅਗਲੇ ਸਾਲ 20 ਜਨਵਰੀ ਨੂੰ ਰਾਸ਼ਟਰਪਤੀ ਵਜੋਂ ਉਨ੍ਹਾਂ ਦੇ ਪਹਿਲੇ ਦਿਨ ਆਵੇਗਾ। ਲਗਭਗ 15,000 ਟਰਾਂਸਜੈਂਡਰ ਅਮਰੀਕੀ ਫੌਜ ਵਿਚ ਸਰਗਰਮੀ ਨਾਲ ਸੇਵਾ ਕਰ ਰਹੇ ਹਨ। ਰਿਪੋਰਟ 'ਚ ਕਿਹਾ ਗਿਆ ਹੈ ਕਿ ਜਦੋਂ ਰਾਸ਼ਟਰਪਤੀ ਜੋਅ ਬਾਇਡਨ ਨੇ ਫੌਜ ਵਿਚ ਟ੍ਰਾਂਸਜੈਂਡਰਾਂ 'ਤੇ ਟਰੰਪ ਦੇ ਬੈਨ ਨੂੰ ਹਟਾ ਦਿੱਤਾ, ਤਾਂ ਲਗਭਗ 2,200 ਸੇਵਾ ਕਰਮਚਾਰੀਆਂ 'ਚ ਲਿੰਗ ਡਿਸਫੋਰੀਆ ਦਾ ਹੱਲ ਕੀਤਾ ਸੀ ਅਤੇ ਬਹੁਤ ਸਾਰੇ ਹੋਰ ਕਰਮਚਾਰੀਆਂ ਦੀ ਪਛਾਣ ਉਨ੍ਹਾਂ ਦੇ ਜਨਮ ਦੇ ਅਲੱਗ ਲਿੰਗ ਵਜੋਂ ਕੀਤੀ ਗਈ ਸੀ। ਟਰੰਪ ਦਾ ਮੁੱਖ ਦ੍ਰਿਸ਼ਟੀਕੋਣ ਅਮਰੀਕਾ ਨੂੰ ਕਥਿਤ ਜਾਗਰੂਕਤਾ ਤੇ ਖੱਬੇਪੱਖੀ ਵਿਚਾਰਧਾਰਾ ਤੋਂ ਛੁਟਕਾਰਾ ਦਿਵਾਉਣਾ ਹੈ। ਉਹ ਟਰਾਂਸਜੈਂਡਰ ਐਥਲੀਟਾਂ ਨੂੰ ਲੜਕੀਆਂ ਦੀਆਂ ਖੇਡਾਂ ਤੋਂ ਦੂਰ ਰੱਖਣਾ ਚਾਹੁੰਦਾ ਹੈ ਤੇ ਲਿੰਗ ਪਛਾਣ 'ਤੇ ਕਲਾਸਰੂਮ ਦੇ ਪਾਠਾਂ 'ਤੇ ਪਾਬੰਦੀ ਲਗਾਉਣਾ ਚਾਹੁੰਦੇ ਹਨ। ਟਰੰਪ ਦੇ ਬਚਾਅ ਪੱਖ 'ਚ ਚੁਣੇ ਗਏ ਪੀਟ ਹੇਗਸੇਥ, ਜੋ ਅਮਰੀਕੀ ਫੌਜ ਦੇ ਇੰਚਾਰਜ ਹੋਣਗੇ, ਉਸ ਦੇ ਟਰਾਂਸਜੈਂਡਰਾਂ ਪ੍ਰਤੀ ਨਾਂਹ-ਪੱਖੀ ਵਿਚਾਰ ਹਨ। ਵਾਸ਼ਿੰਗਟਨ ਪੋਸਟ ਦੀ ਰਿਪੋਰਟ ਅਨੁਸਾਰ ਉਸ ਨੇ ਜ਼ੋਰਦਾਰ ਤਰਕ ਦਿੱਤਾ ਹੈ ਕਿ ਫ਼ੌਜ 'ਚ ਔਰਤਾਂ ਤੇ ਟਰਾਂਸਜੈਂਡਰ ਕਰਮਚਾਰੀਆਂ ਨੂੰ ਸ਼ਾਮਲ ਕਰਨ ਦੇ ਕਦਮ ਅਮਰੀਕੀ ਸੁਰੱਖਿਆ ਨੂੰ ਕਮਜ਼ੋਰ ਕਰ ਰਹੇ ਹਨ ।

ਟਰੰਪ ਨੇ ਜੈ ਭੱਟਾਚਾਰੀਆ ਨੂੰ ਦਿੱਤੀ ਵੱਡੀ ਜ਼ਿੰਮੇਵਾਰੀ

ਵਾਸ਼ਿੰਗਟਨ: ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਭਾਰਤੀ-ਅਮਰੀਕੀ ਵਿਗਿਆਨੀ ਜੈ ਭੱਟਾਚਾਰੀਆ ਨੂੰ ਦੇਸ਼ ਦੇ ਚੋਟੀ ਦੇ ਸਿਹਤ ਖੋਜ ਅਤੇ ਫੰਡਿੰਗ ਸੰਸਥਾਵਾਂ ਵਿਚੋਂ ਇਕ ਨੈਸ਼ਨਲ ਇੰਸਟੀਚਿਊਟ ਆਫ ਹੈਲਥ ਦੇ ਡਾਇਰੈਕਟਰ ਵਜੋਂ ਚੁਣਿਆ ਹੈ। ਇਸ ਦੇ ਨਾਲ ਭੱਟਾਚਾਰੀਆ ਅਜਿਹੇ ਪਹਿਲੇ ਭਾਰਤੀ-ਅਮਰੀਕੀ ਬਣ ਗਏ ਹਨ, ਜਿਨ੍ਹਾਂ ਨੂੰ ਟਰੰਪ ਨੇ ਉੱਚ ਪ੍ਰਸ਼ਾਸਨਿਕ ਅਹੁਦੇ ਲਈ ਨਾਮਜ਼ਦ ਕੀਤਾ ਹੈ। ਇਸ ਤੋਂ ਪਹਿਲਾਂ ਟਰੰਪ ਨੇ ਟੇਸਲਾ ਕੰਪਨੀ ਦੇ ਮਾਲਕ ਐਲੋਨ ਮਸਕ ਦੇ ਨਾਲ ਨਵੇਂ ਬਣੇ ਡਿਪਾਰਟਮੈਂਟ ਆਫ ਗਵਰਨਮੈਂਟ ਐਫੀਸ਼ੈਂਸੀ ਦੀ ਅਗਵਾਈ ਕਰਨ ਲਈ ਭਾਰਤੀ-ਅਮਰੀਕੀ ਵਿਵੇਕ ਰਾਮਾਸਵਾਮੀ ਨੂੰ ਚੁਣਿਆ ਸੀ। ਇਹ ਇੱਕ ਸਵੈ-ਇੱਛਤ ਸਥਿਤੀ ਹੈ ਅਤੇ ਅਮਰੀਕੀ ਸੈਨੇਟ ਦੁਆਰਾ ਪੁਸ਼ਟੀ ਦੀ ਲੋੜ ਨਹੀਂ ਹੈ। ਟਰੰਪ ਨੇ ਐਲਾਨ ਕੀਤਾ, "ਜੈ ਭੱਟਾਚਾਰੀਆ, ਐਮ.ਡੀ., ਪੀ.ਐਚ.ਡੀ. ਡਾ: ਰਿਚਰਡਜ਼ ਨੂੰ ਐਨਆਈਐਚ ਦੇ ਡਾਇਰੈਕਟਰ ਵਜੋਂ ਨਾਮਜ਼ਦ ਕਰਨਾ ਬਹੁਤ ਖੁਸ਼ੀ ਦੀ ਗੱਲ ਹੈ। ਡਾ: ਭੱਟਾਚਾਰੀਆ ਰਾਬਰਟ ਐੱਫ. ਕੈਨੇਡੀ ਜੂਨੀਅਰ, ਦੇਸ਼ ਦੀ ਡਾਕਟਰੀ ਖੋਜ ਦੀ ਅਗਵਾਈ ਕਰਨ ਅਤੇ ਸਿਹਤ ਨੂੰ ਬਿਹਤਰ ਬਣਾਉਣ ਅਤੇ ਜਾਨਾਂ ਬਚਾਉਣ ਲਈ ਸਫਲਤਾਵਾਂ ਨੂੰ ਉਤਸ਼ਾਹਿਤ ਕਰਨ ਲਈ ਕੰਮ ਕਰੇਗਾ।" ਟਰੰਪ ਨੇ ਜੈਮੀਸਨ ਗ੍ਰੀਰ ਨੂੰ ਯੂਐਸ ਵਪਾਰ ਪ੍ਰਤੀਨਿਧੀ (USTR) ਅਤੇ ਕੇਵਿਨ ਏ. ਹੈਸੇਟ ਨੂੰ ਵ੍ਹਾਈਟ ਹਾਊਸ ਨੈਸ਼ਨਲ ਇਕਨਾਮਿਕ ਕੌਂਸਲ ਦਾ ਡਾਇਰੈਕਟਰ ਨਿਯੁਕਤ ਕੀਤਾ ਗਿਆ ਹੈ। ਟਰੰਪ ਨੇ ਇਕ ਵੱਖਰੇ ਬਿਆਨ ਵਿਚ ਕਿਹਾ ਕਿ ਆਰਥਿਕ ਸਲਾਹਕਾਰਾਂ ਦੀ ਕੌਂਸਲ ਦੇ ਚੇਅਰਮੈਨ ਕੇਵਿਨ ਏ. ਹੈਸੈਟ ਨੇ 2017 ਦੇ ਟੈਕਸ ਕਟੌਤੀ ਅਤੇ ਨੌਕਰੀਆਂ ਐਕਟ ਨੂੰ ਪਾਸ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ ਸੀ।

ਸਾਲ 2023 ਦੌਰਾਨ ਰੋਜ਼ਾਨਾ ਔਸਤਨ 140 ਔਰਤਾਂ ਦੀ ਹੋਈ ਹੱਤਿਆ

ਸੰਯੁਕਤ ਰਾਸ਼ਟਰ: ਸੰਯੁਕਤ ਰਾਸ਼ਟਰ ਦੀਆਂ ਦੋ ਏਜੰਸੀਆਂ ਨੇ ਖੁਲਾਸਾ ਕੀਤਾ ਕਿ ਪਿਛਲੇ ਸਾਲ ਹਰ ਰੋਜ਼ ਔਸਤਨ 140 ਔਰਤਾਂ ਤੇ ਲੜਕੀਆਂ ਦੀ ਹੱਤਿਆ ਉਨ੍ਹਾਂ ਦੇ ਘਰਾਂ ਵਿੱਚ ਹੀ ਨਜ਼ਦੀਕੀ ਸਾਥੀ ਜਾਂ ਪਰਿਵਾਰ ਦੇ ਮੈਂਬਰ ਵੱਲੋਂ ਕੀਤੀ ਗਈ। ਏਜੰਸੀਆਂ ਨੇ ਆਪਣੀ ਰਿਪੋਰਟ 'ਚ ਘਰਾਂ ਨੂੰ ਔਰਤਾਂ ਲਈ ਸਭ ਤੋਂ ਖਤਰਨਾਕ ਥਾਂ ਕਰਾਰ ਦਿੱਤਾ ਹੈ। ਸੰਯੁਕਤ ਰਾਸ਼ਟਰ ਮਹਿਲਾ (ਯੂਐੱਨ ਵੂਮੈੱਨ) ਅਤੇ ਸੰਯੁਕਤ ਰਾਸ਼ਟਰ ਡਰੱਗਜ਼ ਤੇ ਅਪਰਾਧ ਦਫ਼ਤਰ (ਯੂਐੱਨ ਆਫਿਸ ਆਫ ਡਰੱਗਜ਼ ਐਂਡ ਕ੍ਰਾਈਮ) ਨੇ ਕਿਹਾ ਕਿ ਆਲਮੀ ਪੱਧਰ 'ਤੇ 2023 ਦੌਰਾਨ ਲਗਪਗ 51,100 ਔਰਤਾਂ ਅਤੇ ਲੜਕੀਆਂ ਦੀ ਮੌਤ ਲਈ ਉਨ੍ਹਾਂ ਦੇ ਨੇੜਲੇ ਸਾਥੀ ਜਾਂ ਪਰਿਵਾਰ ਦਾ ਮੈਂਬਰ ਜ਼ਿੰਮੇਵਾਰ ਰਿਹਾ, ਜਦਕਿ 2022 ਵਿੱਚ ਇਹ ਅੰਕੜਾ ਅੰਦਾਜ਼ਨ 48,800 ਸੀ। ਔਰਤਾਂ ਵਿਰੁੱਧ ਹਿੰਸਾ ਦੇ ਖਾਤਮੇ ਲਈ ਕੌਮਾਂਤਰੀ ਦਿਵਸ ਮੌਕੇ ਜਾਰੀ ਰਿਪੋਰਟ 'ਚ ਕਿਹਾ ਗਿਆ ਹੈ ਕਿ ਇਹ ਵਾਧਾ ਹੱਤਿਆਵਾਂ ਦੇ ਵੱਧ ਹੋਣ ਦਾ ਨਹੀਂ ਹੈ, ਸਗੋਂ ਮੁੱਖ ਤੌਰ 'ਤੇ ਦੇਸ਼ਾਂ ਤੋਂ ਵੱਧ ਅੰਕੜੇ ਉਪਲੱਬਧ ਹੋਣ ਦਾ ਨਤੀਜਾ ਹੈ।

ਅਫਰੀਕਾ ਤੇ ਅਮਰੀਕਾ 'ਚ ਸਭ ਤੋਂ ਵੱਧ ਕਤਲ

ਰਿਪੋਰਟ ਅਨੁਸਾਰ ਔਰਤਾਂ ਤੇ ਲੜਕੀਆਂ ਦੇ ਨਜ਼ਦੀਕੀ ਸਾਥੀ ਅਤੇ ਪਰਿਵਾਰ ਦੇ ਮੈਂਬਰਾਂ ਵੱਲੋਂ ਕੀਤੀਆਂ ਗਈਆਂ ਹੱਤਿਆਵਾਂ ਦੇ ਸਭ ਤੋਂ ਵੱਧ ਮਾਮਲੇ ਅਫਰੀਕਾ ਵਿੱਚ ਸਨ, ਜਿੱਥੇ 2023 'ਚ ਅੰਦਾਜ਼ਨ 21,700 ਔਰਤਾਂ ਪੀੜਤ ਸਨ। ਰਿਪੋਰਟ 'ਚ ਕਿਹਾ ਗਿਆ ਹੈ ਕਿ ਪਿਛਲੇ ਸਾਲ ਅਮਰੀਕਾ 'ਚ ਵੀ ਇਹ ਦਰ ਕਾਫ਼ੀ ਜ਼ਿਆਦਾ ਸੀ, ਜਿੱਥੇ ਇੱਕ ਲੱਖ ਵਿਅਕਤੀਆਂ ਪਿੱਛੇ 1.6 ਔਰਤਾਂ ਪੀੜਤ ਸਨ ਜਦਕਿ ਓਸ਼ਨੀਆ 'ਚ ਇਹ ਦਰ ਪ੍ਰਤੀ ਇੱਕ ਲੱਖ 'ਚ 1.5 ਸੀ। ਏਸ਼ੀਆ 'ਚ ਇਹ ਦਰ ਕਾਫੀ ਘੱਟ ਸੀ।

ਅੰਮ੍ਰਿਤਪਾਲ ਦੇ ਪਿਤਾ ਅਤੇ MP ਸਰਬਜੀਤ ਸਿੰਘ ਪਹੁੰਚੇ ਸ੍ਰੀ ਅਕਾਲ ਤਖ਼ਤ ਸਾਹਿਬ

ਅੰਮ੍ਰਿਤਸਰ : ਫਰੀਦਕੋਟ ਤੋਂ ਸੰਸਦ ਮੈਂਬਰ ਸਰਬਜੀਤ ਸਿੰਘ ਖ਼ਾਲਸਾ ਅਤੇ ਵਾਰਿਸ-ਏ-ਪੰਜਾਬ ਮੁਖੀ ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਨੇ ਅੱਜ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨਾਲ ਮੁਲਾਕਾਤ ਕੀਤੀ। ਉਨ੍ਹਾਂ ਨੂੰ ਇੱਕ ਪੱਤਰ ਸੌਂਪਿਆ ਜਿਸ ਵਿੱਚ ਉਨ੍ਹਾਂ ਭਰੋਸਾ ਦਿਵਾਇਆ ਕਿ ਸਮੁੱਚਾ ਪੰਥ ਉਨ੍ਹਾਂ ਦੇ ਨਾਲ ਹੈ, ਇਸ ਲਈ ਉਹ ਬਿਨਾਂ ਕਿਸੇ ਦਬਾਅ ਦੇ ਸੁਖਬੀਰ ਸਿੰਘ ਬਾਦਲ ਬਾਰੇ ਫੈਸਲਾ ਲੈਣ। ਸਾਂਸਦ ਅੰਮ੍ਰਿਤਪਾਲ ਸਿੰਘ ਦੇ ਪਿਤਾ ਸਾਂਸਦ ਸਰਬਜੀਤ ਸਿੰਘ ਖਾਲਸਾ ਅਤੇ ਪੰਜਾਬ ਆਰਗੇਨਾਈਜੇਸ਼ਨ ਦੇ ਪ੍ਰਧਾਨ ਤਰਸੇਮ ਸਿੰਘ ਨੇ ਅੱਜ ਜਥੇਦਾਰ ਗਿਆਨੀ ਰਘਬੀਰ ਸਿੰਘ ਨਾਲ ਮੁਲਾਕਾਤ ਕਰਕੇ ਮੰਗ ਕੀਤੀ ਕਿ ਸੁਖਬੀਰ ਸਿੰਘ ਬਾਦਲ ਅਤੇ ਅਕਾਲੀ ਦਲ ਦੇ ਮਾਮਲੇ ਵਿੱਚ ਗੁਰੂ ਪੰਥ ਦੇ ਨੁਮਾਇੰਦਿਆਂ ਦੀ ਮੀਟਿੰਗ ਹੋਣੀ ਚਾਹੀਦੀ ਹੈ। ਅਕਾਲੀ ਦਲ ਨੂੰ ਮੁੜ ਸੁਰਜੀਤ ਕਰਨ ਲਈ ਤਾਲਮੇਲ ਕਮੇਟੀ ਬਣਾਈ ਜਾਵੇ ਅਤੇ ਪ੍ਰਕਾਸ਼ ਸਿੰਘ ਬਾਦਲ ਤੋਂ ਫਖ਼ਰ-ਏ-ਕੌਮ ਐਵਾਰਡ ਵਾਪਸ ਲਿਆ ਜਾਵੇ। ਸੰਸਦ ਮੈਂਬਰ ਸਰਬਜੀਤ ਸਿੰਘ ਖ਼ਾਲਸਾ ਨੇ ਦੱਸਿਆ ਕਿ ਅੱਜ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੁੱਜੇ ਅਤੇ ਜਥੇਦਾਰ ਸਿੰਘ ਸਾਹਿਬ ਜੀ ਨਾਲ ਮੁਲਾਕਾਤ ਕੀਤੀ ਹ ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਸੂਚਨਾ ਮਿਲੀ ਸੀ ਕਿ ਜਥੇਦਾਰ ਸਾਹਿਬਾਨ ਦੇ ਬੱਚਿਆਂ ਦੀ ਰੇਕੀ ਕੀਤੀ ਜਾ ਰਹੀ ਹੈ। ਉਹ ਇਸ ਮੁੱਦੇ ਨੂੰ ਲੈ ਕੇ ਜਥੇਦਾਰ ਨੂੰ ਮਿਲਣ ਆਏ ਹਨ। ਉਸ ਨੂੰ ਭਰੋਸਾ ਦਿਵਾਇਆ ਗਿਆ ਹੈ ਕਿ ਸਮੁੱਚਾ ਪੰਥ ਅਤੇ ਸਮੂਹ ਲੋਕ ਉਸ ਦੇ ਨਾਲ ਹਨ। ਉਨ੍ਹਾਂ ਨੂੰ ਸੁਖਬੀਰ ਸਿੰਘ ਬਾਦਲ 'ਤੇ ਬਿਨਾਂ ਕਿਸੇ ਦਬਾਅ ਦੇ ਫੈਸਲਾ ਲੈਣਾ ਚਾਹੀਦਾ ਹੈ।

ਕ੍ਰੇਟਾ ਕਾਰ ਤੇ 25 ਲੱਖ ਦਾਜ ਨਾ ਮਿਲਣ 'ਤੇ ਲਾੜਾ ਨਹੀਂ ਪਹੁੰਚਿਆ ਬਾਰਾਤ ਲੈ ਕੇ, ਲਾੜੀ ਕਰਦੀ ਰਹੀ ਉਡੀਕ

ਲੁਧਿਆਣਾ: ਲੁਧਿਆਣਾ 'ਚ ਦਾਜ ਦੀ ਮੰਗ ਪੂਰੀ ਨਾ ਹੋਣ ਕਾਰਨ ਵਿਆਹ 'ਚ ਲਾੜਾ ਬਾਰਾਤ ਲੈ ਕੇ ਨਹੀਂ ਪਹੁੰਚਿਆ। ਦੁਲਹਨ ਦੇ ਪਹਿਰਾਵੇ ਵਿਚ ਸਜੀ ਕੁੜੀ ਬਾਰਾਤ ਦੀ ਉਡੀਕ ਕਰਦੀ ਰਹੀ। ਜਿਸ ਤੋਂ ਬਾਅਦ ਪੀੜਤ ਪਰਿਵਾਰ ਨੇ ਲਾੜੇ ਦੇ ਪਰਿਵਾਰ ਖਿਲਾਫ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ ਹੈ। ਪੀੜਤ ਪਰਿਵਾਰ ਦਾ ਕਹਿਣਾ ਹੈ ਕਿ ਲਾੜਾ 25 ਲੱਖ ਰੁਪਏ ਅਤੇ ਕਾਰ ਦੀ ਮੰਗ ਕਰ ਰਿਹਾ ਹੈ। ਕੁੜੀ ਦੇ ਪਿਤਾ ਦਾ ਕਹਿਣਾ ਹੈ ਕਿ ਬੀਤੇ ਦਿਨ ਅਸੀਂ ਸ਼ਗਨ ਲੈ ਕੇ ਮੁੰਡੇ ਦੇ ਘਰ ਗਏ ਸਨ। ਉਨ੍ਹਾਂ ਨੇ ਜੋ ਵੀ ਮੰਗਿਆ ਅਸੀਂ ਦਿੱਤਾ। ਪਰ ਬਾਅਦ ਵਿੱਚ ਉਸਨੇ ਕ੍ਰੇਟਾ ਕਾਰ ਅਤੇ 25 ਲੱਖ ਰੁਪਏ ਦੀ ਮੰਗ ਰੱਖੀ। ਹਾਲਾਂਕਿ, ਉਨ੍ਹਾਂ ਨੇ ਸ਼ਗਨ ਵਿੱਚ ਕੋਈ ਕਮੀ ਨਹੀਂ ਛੱਡੀ। 1 ਲੱਖ ਰੁਪਏ ਕੈਸ਼ ਦੇ ਨਾਲ 5100 ਸਾਰੇ ਰਿਸ਼ਤੇਦਾਰਾਂ ਨੂੰ ਭੇਟਾਂ ਦਿੱਤੀਆਂ, ਪਰ ਇਸ ਦੇ ਬਾਵਜੂਦ ਲੜਕੇ ਵਾਲਿਆਂ ਦੇ ਮੂੰਹ ਉਤਰੇ ਹੋਏ ਸਨ। ਉਨ੍ਹਾਂ ਕਿਹਾ ਕਿ ਵਿਚੋਲੇ ਦੇ ਜ਼ਰੀਏ ਉਨ੍ਹਾਂ ਨੇ ਸਾਨੂੰ ਸੁਨੇਹਾ ਲਾਇਆ ਕਿ ਪਰਿਵਾਰ ਨੂੰ 25 ਲੱਖ ਰੁਪਏ ਅਤੇ ਨਾਲ ਕ੍ਰੇਟਾ ਕਾਰ ਚਾਹੀਦੀ ਹੈ।

ਅਸੀਂ ਲਾੜੇ ਦੀ ਇਹ ਮੰਗ ਸਮੇਂ ਸਿਰ ਪੂਰੀ ਨਹੀਂ ਕਰ ਸਕੇ। ਜਿਸ ਕਾਰਨ ਲਾੜਾ ਬਾਰਾਤ ਲੈ ਕੇ ਨਹੀਂ ਆਇਆ। ਉਨ੍ਹਾਂ ਅੱਗੇ ਦੱਸਿਆ ਕਿ ਕਾਫੀ ਦੇਰ ਇੰਤਜ਼ਾਰ ਕਰਨ ਤੋਂ ਬਾਅਦ ਲਾੜੇ ਦੇ ਪਰਿਵਾਰ ਵਾਲਿਆਂ ਨੂੰ ਬੁਲਾਇਆ ਗਿਆ। ਫੋਨ 'ਤੇ ਕਦੇ ਉਹ ਲਾੜੇ ਦੇ ਬੀਮਾਰ ਹੋਣ ਦਾ ਬਹਾਨਾ ਬਣਾਉਣ ਲੱਗੇ ਤੇ ਕਦੇ ਲਾੜੇ ਦੇ ਪਿਤਾ ਦੀ ਸਿਹਤ ਦਾ ਬਹਾਨਾ ਬਣਾਉਣ ਲੱਗੇ। ਕਾਫੀ ਦੇਰ ਤੱਕ ਇੰਤਜ਼ਾਰ ਕਰਨ ਤੋਂ ਬਾਅਦ ਵੀ ਉਹ ਵਿਆਹ ਦੇ ਬਾਰਾਤ ਲੈ ਕੇ ਨਹੀਂ ਪਹੁੰਚੇ। ਜਿਸ ਕਾਰਨ ਉਨ੍ਹਾਂ ਦੀ ਬੇਟੀ ਵਿਆਹ ਦੇ ਪਹਿਰਾਵੇ 'ਚ ਇੰਤਜ਼ਾਰ ਕਰਦੀ ਰਹੀ। ਇਸ ਦੌਰਾਨ ਬੱਚੀ ਦੇ ਪਿਤਾ ਭਾਵੁਕ ਹੋ ਗਏ ਅਤੇ ਉਨ੍ਹਾਂ ਦੀਆਂ ਅੱਖਾਂ 'ਚੋਂ ਹੰਝੂ ਆਉਣ ਲੱਗੇ। ਉਨ੍ਹਾਂ ਅੱਗੇ ਕਿਹਾ ਕਿ ਮੁੰਡੇ ਵਾਲਿਆਂ ਦੇ ਇਸ ਵਤੀਰੇ ਕਾਰਨ ਪੂਰੇ ਪਰਿਵਾਰ ਦਾ ਅਪਮਾਨ ਹੋਇਆ ਹੈ। ਵਿਆਹ ਲਈ ਮਹਿੰਗਾ ਪੈਲੇਸ ਵੀ ਬੁੱਕ ਕਰਵਾਇਆ ਗਿਆ ਸੀ। ਪਰ ਸਾਰੀਆਂ ਤਿਆਰੀਆਂ ਧਰੀ ਦੀ ਧਰੀ ਰਹਿ ਗਈਆਂ। ਜਿਸ ਤੋਂ ਬਾਅਦ ਉਨ੍ਹਾਂ ਪੁਲਿਸ ਨੂੰ ਸ਼ਿਕਾਇਤ ਦਰਜ ਕਰਵਾਈ ਹੈ ।

ਕੈਨੇਡਾ 'ਚ ਤਿੰਨ ਟਰੱਕਾਂ ਦੀ ਟੱਕਰ, 2 ਡਰਾਈਵਰਾਂ ਦੀ ਮੌਤ

ਟੋਰਾਂਟੋ : ਕੈਨੇਡਾ ਵਿਚ ਉਨਟਾਰੀਓ ਅਤੇ ਮੈਨੀਟੋਬਾ ਦੀ ਸਰਹੱਦ ਨੇੜੇ ਤਿੰਨ ਟਰੱਕਾਂ ਦੀ ਟੱਕਰ ਕਾਰਨ ਦੋ ਡਰਾਈਵਰਾਂ ਦੀ ਮੌਤ ਹੋ ਗਈ। ਹਾਦਸਾ ਉਨਟਾਰੀਓ ਦੇ ਕੈਨੋਰਾ ਕਸਬੇ ਨੇੜੇ ਹਾਈਵੇਅ 17 'ਤੇ ਵਾਪਰਿਆ ਅਤੇ ਫ਼ਿਲਹਾਲ ਮਰਨ ਵਾਲਿਆਂ ਦੀ ਸ਼ਨਾਖਤ ਜਨਤਕ ਨਹੀਂ ਕੀਤੀ ਗਈ। ਉਨਟਾਰੀਓ ਪ੍ਰੋਵਿਨਸ਼ੀਅਲ ਪੁਲਿਸ ਨੇ ਦੱਸਿਆ ਕਿ ਬੈਰਿਲ ਵਾਇੰਡਰ ਰੋਡ ਅਤੇ ਹਾਈਵੇਅ 596 ਦਰਮਿਆਨ ਹਾਈਵੇਅ 17 ਏ 'ਤੇ ਵਾਪਰੇ ਹਾਦਸੇ ਮਗਰੋਂ ਕੈਨੋਰਾ ਫਾਇਰ ਸਰਵਿਸ ਅਤੇ ਨੌਰਥ ਵੈਸਟ ਐਮਰਜੰਸੀ ਮੈਡੀਕਲ ਸਰਵਿਸਿਜ਼ ਨੂੰ ਸੱਦਿਆ ਗਿਆ। ਦੱਸਿਆ ਜਾ ਰਿਹਾ ਹੈ ਕਿ ਟਰੱਕਾਂ ਦੀ ਟੱਕਰ ਮਗਰੋਂ ਅੱਗ ਲੱਗ ਗਈ ਅਤੇ ਇਸੇ ਕਾਰਨ ਜਾਨੀ ਨੁਕਸਾਨ ਹੋਇਆ।

ਤੀਜਾ ਡਰਾਈਵਰ ਵਾਲ-ਵਾਲ ਬਚਿਆ

ਦੋ ਡਰਾਈਵਰਾਂ ਨੂੰ ਮੌਕੇ 'ਤੇ ਮ੍ਰਿਤਕ ਕਰਾਰ ਦੇ ਦਿਤਾ ਗਿਆ ਜਦਕਿ ਤੀਜੇ ਨੂੰ ਮਾਮੂਲੀ ਸੱਟਾਂ ਵੱਜੀਆਂ ਜੋ ਮੌਕੇ 'ਤੇ ਮੌਜੂਦ ਰਿਹਾ। ਦਰਦਨਾਕ ਹਾਦਸੇ ਮਗਰੋਂ ਹਾਈਵੇਅ 17 ਏ ਨੂੰ ਕਈ ਘੰਟੇ ਬੰਦ ਰੱਖਿਆ ਗਿਆ ਅਤੇ ਪੁਲਿਸ ਵੱਲੋਂ ਲੋਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਜੇ ਕਿਸੇ ਕੋਲ ਕੋਈ ਜਾਣਕਾਰੀ ਹੋਵੇ ਤਾਂ ਕੈਨੋਰਾ ਓ.ਪੀ.ਪੀ. ਨਾਲ 1888 310 1122 'ਤੇ ਸੰਪਰਕ ਕੀਤਾ ਜਾਵੇ। ਪੁਲਿਸ ਵੱਲੋਂ ਖਾਸ ਜਾਣਕਾਰੀ ਮੁਹੱਈਆ ਕਰਵਾਉਣ ਵਾਲੇ ਨੂੰ 2 ਹਜ਼ਾਰ ਡਾਲਰ ਇਨਾਮ ਦਾ ਐਲਾਨ ਵੀ ਕੀਤਾ ਗਿਆ ਹੈ। ਇਥੇ ਦਸਣਾ ਬਣਦਾ ਹੈ ਕਿ ਇਸ ਹੌਲਨਾਕ ਹਾਦਸੇ ਦੌਰਾਨ ਇਕ ਟਰੱਕ ਡਰਾਈਵਰ ਦਾ ਕੁੱਤਾ ਬਚ ਗਿਆ ਜਿਸ ਨੂੰ ਪਰਵਾਰ ਤੱਕ ਪਹੁੰਚਾਉਣ ਦੇ ਯਤਨ ਕੀਤੇ ਜਾ ਰਹੇ ਹਨ। ਹਾਦਸੇ ਵਾਲੀ ਥਾਂ ਨੇੜੇ ਰਹਿੰਦੀ ਜਿਲੀਅਨ ਪੁਲਜ਼ ਇਸ ਕੁੱਤੇ ਨੂੰ ਆਪਣੇ ਘਰ ਲੈ ਆਈ ਜੋ ਠੰਢ ਵਿਚ ਠੁਰ ਰਿਹਾ ਸੀ।

ਟਰੰਪ ਦੀ ਕੈਬਨਿਟ 'ਚ ਸ਼ਾਮਿਲ ਕਈ ਲੋਕਾਂ

ਪੰਜਾਬ ਸਟਾਰ www.punjabstar.com

ਮਸਕ ਨੇ ਅਲੈਗਜ਼ੈਂਡਰ ਵਿੰਡਮੈਨ 'ਤੇ ਲਗਾਇਆ ਦੇਸ਼ਧ੍ਰੋਹ ਦਾ ਦੋਸ਼

ਵਾਸ਼ਿੰਗਟਨ: ਅਮਰੀਕੀ ਅਰਬਪਤੀ ਐਲੋਨ ਮਸਕ ਨੇ ਵ੍ਹਾਈਟ ਹਾਊਸ ਦੇ ਸਾਬਕਾ ਸਲਾਹਕਾਰ ਅਲੈਗਜ਼ੈਂਡਰ ਵਿੰਡਮੈਨ 'ਤੇ ਦੇਸ਼ਧ੍ਰੋਹ ਦਾ ਦੋਸ਼ ਲਗਾਇਆ ਹੈ। ਵਿੰਡਮੈਨ ਨੇ ਮਸਕ ਵਿਰੁੱਧ ਰੂਸੀ ਕਾਰੋਬਾਰੀਆਂ ਨਾਲ ਸਬੰਧਾਂ ਬਾਰੇ ਦੋਸ਼ ਲਾਏ ਸਨ। ਮਸਕ ਨੇ ਬੁੱਧਵਾਰ ਨੂੰ ਟਵਿੱਟਰ 'ਤੇ ਕਿਹਾ, "ਵਿੰਡਮੈਨ ਯੂਕ੍ਰੇਨੀਅਨ ਕੁਲੀਨ ਵਰਗ ਦੀ ਨੌਕਰੀ ਵਿੱਚ ਹੈ ਅਤੇ ਉਸਨੇ ਸੰਯੁਕਤ ਰਾਜ ਵਿਰੁੱਧ ਦੇਸ਼ਧ੍ਰੋਹ ਕੀਤਾ ਹੈ, ਜਿਸ ਲਈ ਉਸਨੂੰ ਉਚਿਤ ਸਜ਼ਾ ਮਿਲੇਗੀ।"

ਇਹ ਪੋਸਟ ਵਿੰਡਮੈਨ ਦੀ ਇੰਟਰਵਿਊ ਦੇ ਇਕ ਹਿੱਸੇ ਦੇ ਜਵਾਬ ਵਿਚ ਆਈ ਹੈ ਜਿਸ ਵਿੱਚ ਉਸਨੇ ਦਾਅਵਾ ਕੀਤਾ ਕਿ ਰੂਸੀ ਨੇਤਾ ਮਸਕ ਦੀ ਵਰਤੋਂ ਅਮਰੀਕੀ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਡੋਨਾਲਡ ਟਰੰਪ ਦਾ ਸਮਰਥਨ ਕਰਨ ਲਈ ਕਰ ਰਹੇ ਹਨ ਅਤੇ ਇਹ ਦੋਵੇਂ ਮਾਸਕੋ ਦੇ ਏਜੰਟ ਹਨ। ਅਰਬਪਤੀ ਮਸਕ ਨੇ ਇੱਕ ਹੋਰ ਪੋਸਟ ਵਿੱਚ ਕਿਹਾ,"ਵਿੰਡਮੈਨ ਨੇ ਦੇਸ਼ਧ੍ਰੋਹ ਕੀਤਾ ਹੈ ਅਤੇ ਉਸਨੂੰ ਸਲਾਖਾਂ ਪਿੱਛੇ ਹੋਣਾ ਚਾਹੀਦਾ ਹੈ।" ਸਾਬਕਾ ਸਿਵਲ ਸੇਵਕ ਅਤੇ ਸਾਬਕਾ ਫੌਜੀ ਅਧਿਕਾਰੀ ਨੇ ਮਸਕ ਦੀਆਂ ਟਿੱਪਣੀਆਂ ਨੂੰ ਇੱਕ ਸਾਜ਼ਿਸ਼ ਸਿਧਾਂਤਕਾਰ ਤੋਂ ਸੰਭਾਵਿਤ ਪ੍ਰਤੀਕ੍ਰਿਆ ਦੱਸਿਆ। ਵਿੰਡਮੈਨ ਨੇ ਟਵਿੱਟਰ 'ਤੇ ਕਿਹਾ, ''ਐਲਨ, ਤੁਸੀਂ ਬਿਨਾਂ ਕਿਸੇ ਖਾਸ ਜਾਣਕਾਰੀ ਦੇ ਝੂਠੇ ਅਤੇ ਪੂਰੀ ਤਰ੍ਹਾਂ ਬੇਬੁਨਿਆਦ ਦੋਸ਼ ਲਗਾ ਰਹੇ ਹੋ। ਐਲਨ, ਤੁਸੀਂ ਵਿਸ਼ਵਾਸ ਕਰਦੇ ਹੋ ਕਿ ਤੁਸੀਂ ਸਜ਼ਾ ਤੋਂ ਬਚ ਸਕਦੇ ਹੋ ਅਤੇ ਆਪਣੇ ਆਲੋਚਕਾਂ ਨੂੰ ਚੁੱਪ ਕਰਾਉਣ ਦੀ ਕੋਸ਼ਿਸ਼ ਕਰ ਰਹੇ ਹੋ। ਮੈਂ ਡਰਦਾ ਨਹੀਂ ਹਾਂ।'' ਜ਼ਿਕਰਯੋਗ ਹੈ ਕਿ ਵਿੰਡਮੈਨ ਨੇ ਅਮਰੀਕੀ ਫੌਜ ਵਿੱਚ ਲੈਫਟੀਨੈਂਟ ਕਰਨਲ ਵਜੋਂ ਸੇਵਾ ਨਿਭਾਈ। ਉਹ ਇਸ ਤੋਂ ਪਹਿਲਾਂ ਟਰੰਪ ਪ੍ਰਸ਼ਾਸਨ ਦੌਰਾਨ ਯੂ.ਐਸ ਨੈਸ਼ਨਲ ਸਕਿਓਰਿਟੀ ਕੌਂਸਲ ਵਿੱਚ ਯੂਰਪੀਅਨ ਮਾਮਲਿਆਂ ਦੇ ਡਾਇਰੈਕਟਰ ਵੀ ਸਨ। ਉਸ ਦੀ ਗਵਾਹੀ ਨੇ 2019 ਵਿੱਚ ਟਰੰਪ ਖ਼ਿਲਾਫ਼ ਮਹਾਂਦੋਸ਼ ਦੀ ਸੁਣਵਾਈ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਈ।

ਵਿਵਾਦਾਂ 'ਚ ਘਿਰੇ ਪੰਜਾਬੀ ਗਾਇਕ ਹਸਨ ਮਾਣਕ, ਪਤਨੀ ਨੇ ਲਾਏ ਦੂਜੇ ਵਿਆਹ ਤੇ ਕੁੱਟਮਾਰ ਦੇ ਇਲਜ਼ਾਮ

ਪੰਜਾਬ ਦੇ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਦੇ ਬੰਗਾ ਵਿੱਚ ਮਸ਼ਹੂਰ ਗਾਇਕ ਕੁਲਦੀਪ ਮਾਣਕ ਦੇ ਸਾਲੇ ਹਸਨ ਮਾਣਕ ਉਰਫ਼ ਮਾਣਕ ਖਾਨ ਦੇ ਦੂਜੇ ਵਿਆਹ ਨੂੰ ਲੈ ਕੇ ਹੰਗਾਮਾ ਹੋ ਰਿਹਾ ਹੈ । ਮਨਦੀਪ ਕੌਰ ਨਾਂ ਦੀ ਔਰਤ, ਜੋ ਕਿ ਹਸਨ ਮਾਣਕ ਦੀ ਪਹਿਲੀ ਪਤਨੀ ਹੋਣ ਦਾ ਦਾਅਵਾ ਕਰਦੀ ਹੈ, ਨੇ ਇਹ ਦੋਸ਼ ਲਾਏ ਹਨ। ਜਦਕਿ ਦੂਜੇ ਪਾਸੇ ਹਸਨ ਮਾਣਕ ਨੇ ਵਿਆਹ ਦੇ ਦੋਸ਼ਾਂ ਤੋਂ ਇਨਕਾਰ ਕੀਤਾ ਹੈ। ਬਠਿੰਡਾ ਜ਼ਿਲ੍ਹੇ ਦੀ ਰਹਿਣ ਵਾਲੀ ਮਨਦੀਪ ਕੌਰ ਨੇ ਦੱਸਿਆ ਕਿ ਉਸ ਦਾ ਵਿਆਹ ਹਸਨ ਮਾਣਕ ਨਾਲ ਜੁਲਾਈ 2022 ਵਿੱਚ ਹੋਇਆ ਸੀ। ਬੰਗਾ 'ਚ ਉਸ ਨੇ ਥਾਣੇ 'ਚ ਦੂਜੇ ਵਿਆਹ ਦੀ ਸ਼ਿਕਾਇਤ ਦਰਜ ਕਰਵਾਈ ਹੈ। ਮਨਦੀਪ ਨੇ ਦੱਸਿਆ ਕਿ ਮੇਰੇ ਪਤੀ ਹਸਨ ਮਾਣਕ ਨੇ ਮੈਨੂੰ ਕੁੱਟਮਾਰ ਕਰਕੇ ਘਰ 'ਚ ਬੰਦ ਕਰ ਦਿੱਤਾ ਅਤੇ ਬੰਗਾ ਕੇ ਗੁਰੂ ਘਰ 'ਚ ਇੰਗਲੈਂਡ ਦੀ ਲੜਕੀ ਨਾਲ ਦੂਸਰੀ ਵਾਰ ਮੇਰੀ ਮਰਜ਼ੀ ਦੇ ਖਿਲਾਫ ਵਿਆਹ ਕਰਵਾ ਲਿਆ। ਔਰਤ ਦਾ ਦੋਸ਼ ਹੈ ਕਿ ਬੰਗਾ ਵਿੱਚ ਇੱਕ ਗੁਰੂ ਘਰ ਵਿੱਚ ਖੁਸ਼ੀ ਦੇ ਜਸ਼ਨ ਮਨਾਏ ਗਏ। ਇਸ ਦੇ ਨਾਲ ਹੀ ਇਸ ਮਾਮਲੇ ਵਿੱਚ ਹਸਨ ਮਾਣਕ ਨੇ ਇਹ ਵੀ ਕਿਹਾ ਕਿ ਮੈਂ ਦੁਬਾਰਾ ਵਿਆਹ ਨਹੀਂ ਕਰਵਾਇਆ ਹੈ। ਸਾਡਾ ਤਾਂ ਸਿਰਫ਼ ਘਰੇਲੂ ਝਗੜਾ ਹੈ। ਪਤਨੀ ਤੋਂ ਤਲਾਕ ਦੀ ਖਬਰ 'ਤੇ ਉਨ੍ਹਾਂ ਕਿਹਾ ਕਿ ਅਜਿਹੀ ਕੋਈ ਗੱਲ ਨਹੀਂ ਹੈ। ਇਸ ਦੇ ਨਾਲ ਹੀ ਗੁਰਦੁਆਰਾ ਸਾਹਿਬ ਦੇ ਬਾਬਾ ਗੁਰਮੇਸ਼ ਸਿੰਘ ਨੇ ਦੱਸਿਆ ਕਿ ਉਹ ਗੁਰਦੁਆਰਾ ਪੰਬ ਸਾਹਿਬ ਬੰਗਾ ਵਿਖੇ ਸੇਵਾ ਕਰ ਰਹੇ ਹਨ। ਉਨ੍ਹਾਂ ਨੇ ਦੱਸਿਆ ਕਿ 23 ਤਰੀਕ ਨੂੰ ਹਸਨ ਮਾਣਕ ਅਤੇ ਜਸਪ੍ਰੀਤ ਕੌਰ ਦੇ ਆਨੰਦ ਕਾਰਜ ਹੋਏ ਹਨ। ਆਨੰਦ ਕਾਰਜ ਤੋਂ ਪਹਿਲਾਂ ਦੋਹਾਂ ਦਾ ਵਿਆਹ ਅਨਮੋਲ ਪੈਲੇਸ ਵਿੱਚ ਹੋਇਆ ਸੀ ਅਤੇ ਆਨੰਦ ਕਾਰਜ ਗੁਰਦੁਆਰੇ ਵਿੱਚ ਸੀ। ਇਸ ਦੌਰਾਨ 25 ਤੋਂ 30 ਲੋਕ ਮੌਜੂਦ ਸਨ। ਉਨ੍ਹਾਂ ਕਿਹਾ ਕਿ ਇਸ ਦੀ ਰਜਿਸਟ੍ਰੇਸ਼ਨ ਗੁਰਦੁਆਰਾ ਸਾਹਿਬ ਵੱਲੋਂ ਕੀਤੀ ਜਾਂਦੀ ਹੈ। ਇਸ ਦੌਰਾਨ ਮਾਮਲੇ ਸਬੰਧੀ ਡੀਐਸਪੀ ਐਚਐਸ ਰੰਧਾਵਾ ਨੇ ਦੱਸਿਆ ਕਿ ਪੁਲਿਸ ਨੇ ਲੜਕੀ ਦੇ ਪੱਖ ਤੋਂ ਹਸਨ 'ਤੇ ਦੂਜੇ ਵਿਆਹ ਦਾ ਦੋਸ਼ ਲਾਇਆ ਸੀ। ਉਨ੍ਹਾਂ ਦੱਸਿਆ ਕਿ ਅਨਮੋਲ ਪੈਲੇਸ ਵਿੱਚ ਵਿਆਹ ਦਾ ਮਾਮਲਾ ਹੈ।

ਆਸਟਰੇਲੀਆ 'ਚ 16 ਸਾਲ ਤੋਂ ਘੱਟ ਉਮਰ ਦੇ ਬੱਚੇ ਨਹੀਂ ਚਲਾ ਸਕਣਗੇ ਸੋਸ਼ਲ ਮੀਡੀਆ

ਮੈਲਬਰਨ : ਆਸਟਰੇਲੀਆ ਦੀ ਸੰਸਦ ਦੇ ਪ੍ਰਤੀਨਿਧ ਸਦਨ ਨੇ ਅੱਜ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਸੋਸ਼ਲ ਮੀਡੀਆ ਦੀ ਵਰਤੋਂ 'ਤੇ ਪਾਬੰਦੀ ਲਾਉਣ ਲਈ ਇਕ ਬਿੱਲ ਪਾਸ ਕੀਤਾ ਅਤੇ ਦੁਨੀਆਂ ਦੇ ਅਜਿਹੇ ਪਹਿਲੇ ਕਾਨੂੰਨ ਨੂੰ ਅੰਤਿਮ ਰੂਪ ਦੇਣ ਦਾ ਕੰਮ ਸੈਨੇਟ 'ਤੇ ਛੱਡ ਦਿੱਤਾ ਹੈ। ਸਾਰੀਆਂ ਪ੍ਰਮੁੱਖ ਪਾਰਟੀਆਂ ਨੇ ਬਿੱਲ ਦਾ ਸਮਰਥਨ ਕੀਤਾ ਹੈ। ਇਸ ਬਿੱਲ ਤਹਿਤ 'ਟਿਕਟੌਕ', 'ਫੇਸਬੁੱਕ', 'ਸਨੈਪਚੈਟ', 'ਰੈੱਡਿਟ', 'ਐਕਸ' ਅਤੇ 'ਇੰਸਟਾਗ੍ਰਾਮ' ਵਰਗੇ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਬੱਚਿਆਂ ਨੂੰ ਖਾਤੇ ਬਣਾਉਣ ਤੋਂ ਰੋਕਣ 'ਤੇ ਅਸਫਲ ਰਹਿਣ ਲਈ ਪੰਜ ਕਰੋੜ ਆਸਟਰੇਲਿਆਈ ਡਾਲਰ ਤੱਕ ਦਾ ਜੁਰਮਾਨਾ ਲੱਗ ਸਕਦਾ ਹੈ। ਬਿੱਲ ਦੇ ਪੱਖ 'ਚ 102 ਜਦਕਿ ਵਿਰੋਧ 'ਚ 13 ਵੋਟਾਂ ਪਈਆਂ।

ਰੂਸ ਨੇ ਜਾਸੂਸੀ ਦਾ ਦੋਸ਼ ਲਾ ਕੇ ਬ੍ਰਿਟਿਸ਼ ਡਿਪਲੋਮੈਟ ਨੂੰ ਕੱਢਿਆ

ਮਾਸਕੋ : ਰੂਸ ਦੇ ਅਧਿਕਾਰੀਆਂ ਨੇ ਮੰਗਲਵਾਰ ਨੂੰ ਇਕ ਬ੍ਰਿਟਿਸ਼ ਡਿਪਲੋਮੈਟ ਨੂੰ ਜਾਸੂਸੀ ਦੇ ਦੋਸ਼ 'ਚ ਦੇਸ਼ ਛੱਡਣ ਦਾ ਹੁਕਮ ਦਿਤਾ ਹੈ। ਰੂਸ ਦੀ ਚੋਟੀ ਦੀ ਘਰੇਲੂ ਸੁਰੱਖਿਆ ਅਤੇ ਕਾਊਂਟਰ ਇੰਟੈਲੀਜੈਂਸ ਏਜੰਸੀ ਫੈਡਰਲ ਸਕਿਓਰਿਟੀ ਸਰਵਿਸ ਨੇ ਰੂਸੀ ਸਮਾਚਾਰ ਏਜੰਸੀਆਂ ਵਲੋਂ ਜਾਰੀ ਇਕ ਬਿਆਨ ਵਿਚ ਕਿਹਾ ਕਿ ਡਿਪਲੋਮੈਟ ਨੇ ਦੇਸ਼ ਵਿਚ ਦਾਖਲ ਹੋਣ ਦੀ ਇਜਾਜ਼ਤ ਮੰਗਦੇ ਸਮੇਂ ਗਲਤ ਨਿੱਜੀ ਜਾਣਕਾਰੀ ਦਿਤੀ ਸੀ।

ਐਫ.ਐਸ.ਬੀ. ਵਜੋਂ ਜਾਣੀ ਜਾਂਦੀ ਏਜੰਸੀ ਨੇ ਦੋਸ਼ ਲਾਇਆ ਹੈ ਕਿ ਉਸ ਨੇ ਡਿਪਲੋਮੈਟਿਕ ਸੁਰੱਖਿਆ ਹੇਠ ਬ੍ਰਿਟਿਸ਼ ਖੁਫੀਆ ਲਈ ਕੰਮ ਕੀਤਾ ਅਤੇ ਅਗੱਸਤ 'ਚ ਰੂਸ ਤੋਂ ਕੱਢੇ ਗਏ ਛੇ ਬ੍ਰਿਟਿਸ਼ ਡਿਪਲੋਮੈਟਾਂ 'ਚੋਂ ਇਕ ਨੂੰ ਬਦਲ ਦਿਤਾ। ਐਫ.ਐਸ.ਬੀ. ਨੇ ਦੋਸ਼ ਲਾਇਆ ਕਿ ਡਿਪਲੋਮੈਟ ਖੁਫੀਆ ਅਤੇ ਵਿਨਾਸ਼ਕਾਰੀ ਗਤੀਵਿਧੀਆਂ 'ਚ ਸ਼ਾਮਲ ਸੀ, ਜਿਸ ਨਾਲ ਰੂਸੀ ਫੈਡਰੇਸ਼ਨ ਦੀ ਸੁਰੱਖਿਆ ਨੂੰ ਖਤਰਾ ਸੀ।

ਰੂਸ ਦੇ ਵਿਦੇਸ਼ ਮੰਤਰਾਲੇ ਦੀ ਬੁਲਾਰਨ ਮਾਰੀਆ ਜ਼ਖਾਰੋਵਾ ਨੇ ਕਿਹਾ ਕਿ ਡਿਪਲੋਮੈਟ ਦੀ ਮਾਨਤਾ ਰੱਦ ਕਰਨ ਦਾ ਫੈਸਲਾ ਲਿਆ ਗਿਆ ਹੈ ਅਤੇ ਉਨ੍ਹਾਂ ਨੂੰ ਦੋ ਹਫਤਿਆਂ ਦੇ ਅੰਦਰ ਦੇਸ਼ ਛੱਡਣ ਦਾ ਹੁਕਮ ਦਿਤਾ ਗਿਆ ਹੈ। ਉਨ੍ਹਾਂ ਕਿਹਾ ਕਿ ਮੰਤਰਾਲੇ ਨੇ ਨੋਟਿਸ ਸੌਂਪਣ ਲਈ ਬ੍ਰਿਟਿਸ਼ ਰਾਜਦੂਤ ਨੂੰ ਤਲਬ ਕੀਤਾ ਹੈ।

ਬਰਤਾਨੀਆਂ ਦੇ ਵਿਦੇਸ਼, ਰਾਸ਼ਟਰਮੰਡਲ ਅਤੇ ਵਿਕਾਸ ਦਫਤਰ ਨੇ ਤੁਰਤ ਕੋਈ ਟਿਪਣੀ ਨਹੀਂ ਕੀਤੀ।

ਕੈਨੇਡਾ 'ਚ 3 ਔਰਤਾਂ ਨਾਲ ਜਬਰ-ਜ਼ਨਾਹ ਕਰਨ ਵਾਲਾ ਪੰਜਾਬੀ ਨੌਜਵਾਨ ਗ੍ਰਿਫ਼ਤਾਰ

ਓਂਟਾਰੀਓ: ਕੈਨੇਡਾ 'ਚ ਪੰਜਾਬੀ ਮੂਲ ਦੇ ਨੌਜਵਾਨ ਨੂੰ ਬਲਾਤ.ਕਾਰ ਦੇ ਦੋਸ਼ 'ਚ ਗ੍ਰਿਫਤਾਰ ਕੀਤਾ ਗਿਆ ਹੈ। ਨੌਜਵਾਨ ਤਿੰਨ ਵੱਖ-ਵੱਖ ਘਟਨਾਵਾਂ 'ਚ ਔਰਤਾਂ ਨਾਲ ਜਬਰ-ਜ਼ਨਾਹ ਕਰ ਚੁੱਕਾ ਹੈ ਅਤੇ ਉਸ ਨੂੰ ਰਾਈਡਸ਼ੇਅਰ ਆਪ੍ਰੇਟਰ ਦੱਸ ਕੇ ਉਨ੍ਹਾਂ ਨੂੰ ਵਰਗਲਾ ਕੇ ਵੱਖ-ਵੱਖ ਥਾਵਾਂ 'ਤੇ ਲਿਜਾ ਕੇ ਬਲਾਤ.ਕਾਰ ਕਰਦਾ ਸੀ।

ਦੱਸਿਆ ਜਾ ਰਿਹਾ ਹੈ ਕਿ ਉਹ ਲਗਾਤਾਰ ਔਰਤਾਂ ਨੂੰ ਆਪਣਾ ਸ਼ਿਕਾਰ ਬਣਾ ਰਿਹਾ ਸੀ। ਜਾਣਕਾਰੀ ਅਨੁਸਾਰ ਫੜੇ ਗਏ ਨੌਜਵਾਨ ਦੀ ਪਛਾਣ ਅਰਸ਼ਦੀਪ ਸਿੰਘ (ਉਮਰ 22 ਸਾਲ) ਵਾਸੀ ਬਰੈਂਪਟਨ ਵਜੋਂ ਹੋਈ ਹੈ। ਇਹ ਨੌਜਵਾਨ ਦਸੰਬਰ 2022 'ਚ ਸਟੱਡੀ ਵੀਜ਼ੇ 'ਤੇ ਪੰਜਾਬ ਤੋਂ ਕੈਨੇਡਾ ਪਹੁੰਚਿਆ ਸੀ। ਮੁਲਜ਼ਮਾਂ ਨੇ ਬਰੈਮਟਨ ਵਿੱਚ ਬੱਸ ਹੜਤਾਲ ਦਾ ਫਾਇਦਾ ਉਠਾਇਆ ਅਤੇ ਰਾਈਡਸ਼ੇਅਰ ਅਪਰੇਟਰ ਦੇ ਰੂਪ ਵਿੱਚ ਔਰਤਾਂ ਨੂੰ ਲਿਫਟਾਂ ਦਿੱਤੀਆਂ। ਇਸੇ ਮਹੀਨੇ ਵਿੱਚ ਤਿੰਨ ਅਜਿਹੀਆਂ ਘਟਨਾਵਾਂ ਸਾਹਮਣੇ ਆਉਣ ਤੋਂ ਬਾਅਦ, ਦੋ ਖੇਤਰੀ ਪੁਲਿਸ, ਪੀਲ ਅਤੇ ਯੋਕ ਨੇ ਮਾਮਲੇ ਨੂੰ ਸੁਲਝਾਉਣ ਲਈ ਇੱਕ ਸਾਂਝਾ ਆਪ੍ਰੇਸ਼ਨ ਸ਼ੁਰੂ ਕੀਤਾ। ਇਸ ਦੇ ਨਾਲ ਹੀ ਪੀੜਤ ਤਿੰਨਾਂ ਔਰਤਾਂ ਦਾ ਕਹਿਣਾ ਹੈ ਕਿ ਉਕਤ ਨੌਜਵਾਨ ਸਮੇਂ-ਸਮੇਂ 'ਤੇ ਪੰਜਾਬੀ 'ਚ ਗੱਲ ਕਰਦਾ ਸੀ। ਜਿਸ ਤੋਂ ਬਾਅਦ ਪੁਲਿਸ ਨੇ ਪੰਜਾਬੀ ਮੂਲ ਦੇ ਨੌਜਵਾਨ ਤੋਂ ਪੁੱਛਗਿੱਛ ਸ਼ੁਰੂ ਕਰ ਦਿੱਤੀ ਹੈ। ਬੀਤੇ ਕੱਲ੍ਹ ਪੀਲ ਪੁਲਿਸ ਨੂੰ ਕਾਮਯਾਬੀ ਮਿਲੀ ਅਤੇ ਜਨਤਕ ਤੌਰ 'ਤੇ ਐਲਾਨ ਕੀਤਾ ਕਿ ਜੇਕਰ ਨੌਜਵਾਨ ਵੱਲੋਂ ਕਿਸੇ ਹੋਰ ਔਰਤ ਨਾਲ ਵਾਰਦਾਤਾਂ ਨੂੰ ਅੰਜਾਮ ਦਿੱਤਾ ਗਿਆ ਹੈ ਤਾਂ ਉਸ ਦੀ ਜਾਣਕਾਰੀ ਸਾਂਝੀ ਕੀਤੀ ਜਾਵੇ।

ਜਾਣਕਾਰੀ ਅਨੁਸਾਰ 8 ਨਵੰਬਰ 2024 ਨੂੰ ਸਵੇਰੇ 7:00 ਵਜੇ (ਕੈਨੇਡੀਅਨ ਸਮੇਂ ਅਨੁਸਾਰ) ਇੱਕ ਔਰਤ ਬੱਸ ਸਟਾਪ (ਕਾਊਂਸਟਰਾਈਡ ਡਰਾਈਵ ਅਤੇ ਬਰੂਮਲੀ ਰੋਡ, ਬਰੈਂਪਟਨ) 'ਤੇ ਖੜ੍ਹੀ ਸੀ। ਕਾਲੇ 4-ਦਰਵਾਜ਼ੇ ਵਾਲੀ ਸੇਡਾਨ ਦੇ ਡਰਾਈਵਰ ਨੇ ਆਪਣੀ ਪਛਾਣ ਰਾਈਡਸ਼ੇਅਰ ਆਪਰੇਟਰ ਵਜੋਂ ਕੀਤੀ। ਔਰਤ ਨੂੰ ਵਾਨ ਸ਼ਹਿਰ (ਹਾਈਵੇਅ 27 ਅਤੇ ਨੈਸ਼ਵਿਲ ਰੋਡ) ਵਿੱਚ ਲਿਜਾਇਆ ਗਿਆ ਅਤੇ ਜਿਨਸੀ ਸ਼ੋਸ਼ਣ ਕੀਤਾ ਗਿਆ। ਉਸੇ ਦਿਨ ਸਵੇਰੇ 7:45 ਵਜੇ, ਇੱਕ ਹੋਰ ਔਰਤ ਗੋਰਿਜ਼ ਕ੍ਰੈਸੈਂਟ ਅਤੇ ਵਾਇਆ ਰੋਮਾਨੋ ਵੇ (ਬਰੈਂਪਟਨ) ਦੇ ਬੱਸ ਸਟਾਪ 'ਤੇ ਸੀ। ਦੋਸ਼ੀ ਉਸ ਨੂੰ ਹਾਈਵੇਅ 50 (ਗੋਰ ਰੋਡ ਦੇ ਦੱਖਣ) 'ਤੇ ਲੈ ਗਿਆ ਅਤੇ ਉਸ ਦਾ ਜਿਨਸੀ ਸ਼ੋਸ਼ਣ ਕੀਤਾ। 16 ਨਵੰਬਰ, 2024 ਨੂੰ ਸਵੇਰੇ ਲਗਭਗ 6:45 ਵਜੇ, ਇੱਕ ਔਰਤ ਏਅਰਪੋਰਟ ਰੋਡ ਅਤੇ ਹੰਬਰਵੈਸਟ ਪਾਰਕਵੇਅ (ਬਰੈਂਪਟਨ) ਦੇ ਨੇੜੇ ਇੱਕ ਬੱਸ ਸਟਾਪ 'ਤੇ ਖੜ੍ਹੀ ਸੀ। ਦੋਸ਼ੀ ਔਰਤ ਨੂੰ ਕਾਊਂਸਟ੍ਰਾਈਡ ਡਰਾਈਵ (ਨੇੜੇ ਏਅਰਪੋਰਟ ਰੋਡ) 'ਤੇ ਲੈ ਗਿਆ ਅਤੇ ਉਸ ਦਾ ਜਿਨਸੀ ਸ਼ੋਸ਼ਣ ਕੀਤਾ।

ਪੁਲਿਸ ਨੇ ਦੋਸ਼ੀ ਖ਼ਿਲਾਫ਼ 3 ਕੇਸ ਦਰਜ ਕਰ ਲਏ ਹਨ। ਜਿਸ ਵਿੱਚ ਜਿਨਸੀ ਸ਼ੋਸ਼ਣ, ਹਥਿਆਰਾਂ ਨਾਲ ਜਿਨਸੀ ਸ਼ੋਸ਼ਣ, ਗਲਾ ਘੁੱਟ ਕੇ ਜਿਨਸੀ ਸ਼ੋਸ਼ਣ, ਲੁੱਟਮਾਰ ਅਤੇ ਧਮਕੀਆਂ ਦੇਣ ਦੀਆਂ ਧਾਰਾਵਾਂ ਜੋੜੀਆਂ ਗਈਆਂ ਹਨ। ਉਸ ਨੂੰ ਬਰੈਂਪਟਨ ਦੀ ਓਨਟਾਰੀਓ ਕੋਰਟ ਆਫ਼ ਜਸਟਿਸ ਵਿੱਚ ਪੇਸ਼ ਕੀਤਾ ਗਿਆ ਹੈ। ਪੁਲਿਸ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇਕਰ ਕਿਸੇ ਹੋਰ ਨੂੰ ਉਕਤ ਦੋਸ਼ੀ ਸਬੰਧੀ ਕੋਈ ਜਾਣਕਾਰੀ ਹੋਵੇ ਤਾਂ ਉਹ ਤੁਰੰਤ ਪੁਲਿਸ ਨਾਲ ਸੰਪਰਕ ਕਰਨ।

ਪ੍ਰਿਅੰਕਾ ਗਾਂਧੀ ਨੇ ਲੋਕ ਸਭਾ ਮੈਂਬਰ ਵਜੋਂ ਲਿਆ ਹਲਫ਼

ਨਵੀਂ ਦਿੱਲੀ : ਕੇਰਲ ਦੇ ਵਾਇਨਾਡ ਤੋਂ ਜ਼ਿਮਨੀ ਚੋਣ ਵਿੱਚ ਸ਼ਾਨਦਾਰ ਜਿੱਤ ਹਾਸਲ ਕਰਨ ਤੋਂ ਬਾਅਦ ਕਾਂਗਰਸ ਆਗੂ ਪ੍ਰਿਅੰਕਾ ਗਾਂਧੀ ਵਾਡਰਾ ਨੇ ਵੀਰਵਾਰ ਨੂੰ ਲੋਕ ਸਭਾ ਮੈਂਬਰ ਵਜੋਂ ਸਹੁੰ ਚੁੱਕੀ ਹੈ। 52 ਸਾਲਾ ਕਾਂਗਰਸੀ ਆਗੂ ਨੇ ਆਪਣੇ ਭਰਾ ਰਾਹੁਲ ਗਾਂਧੀ ਵਾਂਗ ਸੰਵਿਧਾਨ ਦੀ ਕਾਪੀ ਫੜਦੇ ਹੋਏ ਹਿੰਦੀ ਵਿੱਚ ਸਹੁੰ ਚੁੱਕੀ। ਇਸ ਦੇ ਨਾਲ ਹੀ ਨਾਂਦੇੜ ਜ਼ਿਮਨੀ ਚੋਣ ਜਿੱਤਣ ਵਾਲੇ ਰਵਿੰਦਰ ਚਵਾਨ (ਕਾਂਗਰਸ) ਨੇ ਵੀ ਭਗਵਾਨ ਦੇ ਨਾਂ 'ਤੇ ਮਰਾਠੀ 'ਚ ਸਹੁੰ ਚੁੱਕੀ। ਹਾਲ ਹੀ ਵਿੱਚ ਉਨ੍ਹਾਂ ਦੇ ਪਿਤਾ ਵਸੰਤਰਾਓ ਚਵਾਨ ਦੇ ਦੇਹਾਂਤ ਤੋਂ ਬਾਅਦ ਜ਼ਿਮਨੀ ਚੋਣ ਹੋਈ ਸੀ।

ਪ੍ਰਿਅੰਕਾ ਗਾਂਧੀ ਨੇ 2019 ਵਿੱਚ ਸਰਗਰਮ ਰਾਜਨੀਤੀ ਵਿੱਚ ਕਦਮ ਰੱਖਿਆ ਅਤੇ ਬਾਅਦ ਵਿੱਚ ਉਨ੍ਹਾਂ ਨੂੰ ਕਾਂਗਰਸ ਜਨਰਲ ਸਕੱਤਰ ਨਿਯੁਕਤ ਕੀਤਾ ਗਿਆ। ਹਾਲ ਹੀ ਵਿਚ ਹੋਣੀ ਜ਼ਿਮਨੀ ਚੋਣ ਦੌਰਾਨ 4.1 ਲੱਖ ਤੋਂ ਵੱਧ ਵੋਟਾਂ ਦੇ ਫਰਕ ਨਾਲ ਕੇਰਲ ਦੇ ਵਾਇਨਾਡ ਤੋਂ ਜਿੱਤ ਹਾਸਲ ਕੀਤੀ ਸੀ।

ਐਨ.ਓ.ਸੀ. ਤੋਂ ਬਿਨਾਂ ਪਲਾਟਾਂ ਦੀ ਰਜਿਸਟ੍ਰੇਸ਼ਨ ਦੇ ਹੁਕਮਾਂ ਦੀ ਸਖ਼ਤੀ ਨਾਲ ਪਾਲਣਾ ਨੂੰ ਯਕੀਨੀ ਬਣਾਈ ਜਾਵੇ: ਮੁੰਡੀਆਂ

ਆਮ ਲੋਕਾਂ ਦੀ ਸਹੂਲਤ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਦ੍ਰਿੜ ਵਚਨਬੱਧਤਾ ਤਹਿਤ ਮਾਲ ਅਤੇ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਮੰਤਰੀ ਸ. ਹਰਦੀਪ ਸਿੰਘ ਮੁੰਡੀਆਂ ਨੇ ਸਾਰੇ ਡਿਵੀਜ਼ਨਲ ਕਮਿਸ਼ਨਰਾਂ ਅਤੇ ਡਿਪਟੀ ਕਮਿਸ਼ਨਰਾਂ ਨੂੰ ਐਨ.ਓ.ਸੀ. ਤੋਂ ਬਿਨਾਂ ਪਲਾਟਾਂ ਦੀ ਰਜਿਸਟਰੀ ਦੀ ਵਿਵਸਥਾ ਦੀ ਸਖ਼ਤੀ ਨਾਲ ਪਾਲਣਾ ਨੂੰ ਯਕੀਨੀ ਬਣਾਉਣ ਲਈ ਕਿਹਾ ਹੈ।

ਡਿਵੀਜ਼ਨਲ ਕਮਿਸ਼ਨਰਾਂ ਅਤੇ ਡਿਪਟੀ ਕਮਿਸ਼ਨ

ਸ਼ਾਮ ਸਿੰਘ ਅੰਗਸੰਗ ਦੀ ਪੁਸਤਕ 'ਤੁਰ ਗਏ ਯਾਰ ਨਿਰਾਲੇ' ਮਿੱਤਰ-ਮੰਡਲ ਰਾਈਟਰਜ਼ ਕਲੱਬ ਦੀ ਮੀਟਿੰਗ 'ਚ ਹੋਈ ਲੋਕ-ਅਰਪਿਤ

ਗੁਰਦੇਵ ਚੌਹਾਨ, ਗੁਰਦਿਆਲ ਬੱਲ, ਸਤਬੀਰ ਸਿੰਘ, ਸੁਖਦੇਵ ਸਿੰਘ ਝੰਡ, ਜਗੀਰ ਸਿੰਘ ਕਾਹਲੋਂ ਤੇ ਕਈ ਹੋਰਨਾਂ ਨੇ ਪੁਸਤਕ ਬਾਰੇ ਵਿਚਾਰ ਸਾਂਝੇ ਕੀਤੇ

ਬਰੈਂਪਟਨ, (ਡਾ.ਝੰਡ): ਲੰਘੇ ਸ਼ਨਿੱਚਰਵਾਰ 23 ਨਵੰਬਰ ਨੂੰ 'ਮਿੱਤਰ-ਮੰਡਲ ਰਾਈਟਰਜ਼ ਕਲੱਬ' ਵੱਲੋਂ ਸੀਨੀਅਰ ਪੱਤਰਕਾਰ ਤੇ ਲੇਖਕ ਸ਼ਾਮ ਸਿੰਘ ਦੀ ਪੁਸਤਕ 'ਤੁਰ ਗਏ ਯਾਰ ਨਿਰਾਲੇ' 7 ਗੋਰਰਿੱਜ ਕਰੈਸੈਂਟ, ਬਰੈਂਪਟਨ ਵਿਖੇ ਵਿਦਵਾਨ-ਦੋਸਤਾਂ ਦੀ ਹਾਜ਼ਰੀ ਵਿੱਚ ਲੋਕ-ਅਰਪਿਤ ਕੀਤੀ ਗਈ। ਉਪਰੰਤ, ਰਾਈਟਰਜ਼ ਕਲੱਬ ਦੇ ਮੈਂਬਰਾਂ ਵੱਲੋਂ ਪੁਸਤਕ ਅਤੇ ਇਸ ਦੇ ਲੇਖਕ ਸ਼ਾਮ ਸਿੰਘ ਬਾਰੇ ਵਿਚਾਰ ਸਾਂਝੇ ਕੀਤੇ ਗਏ। ਇਸ ਮੌਕੇ ਮੰਚ-ਸੰਚਾਲਨ ਦੀ ਜ਼ਿੰਮੇਂਵਾਰੀ ਡਾ.ਸੁਖਦੇਵ ਸਿੰਘ ਝੰਡ ਵੱਲੋਂ ਨਿਭਾਈ ਗਈ।ਆਏ ਦੋਸਤਾਂ ਨੂੰ ਜੀ-ਆਇਆਂ ਕਹਿੰਦਿਆਂ ਵਿਚਾਰ ਅਧੀਨ ਪੁਸਤਕ ਦੇ ਲੇਖਕ ਸ਼ਾਮ ਸਿੰਘ ਅੰਗਸੰਗ ਨੇ ਉਨ੍ਹਾਂ ਦਾ ਉੱਥੇ ਆਉਣ 'ਤੇ ਹਾਰਦਿਕ ਸੁਆਗ਼ਤ ਕੀਤਾ। ਪੁਸਤਕ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਉਨ੍ਹਾਂ ਦੱਸਿਆ ਕਿ ਇਸ ਪੁਸਤਕ ਦੇ ਛਪਵਾਉਣ 'ਤੇ ਉਨ੍ਹਾਂ ਦਾ ਧੇਲਾ ਖ਼ਰਚ ਨਹੀਂ ਹੋਇਆ ਹੈ।'ਯੂਰਪੀਨ ਪੰਜਾਬੀ ਸੱਥ ਯੂ.ਕੇ' ਵੱਲੋਂ ਛਪਵਾਈ ਗਈ ਇਸ ਪੁਸਤਕ ਦੀਆਂ 'ਸੱਥ' ਵੱਲੋਂ 4500 ਕਾਪੀਆਂ ਛਪਵਾਈਆਂ ਗਈਆਂ ਅਤੇ ਇਹ ਪੰਜਾਬੀ ਲੇਖਕਾਂ ਤੇ ਪੰਜਾਬੀ-ਪ੍ਰੇਮੀਆਂ ਨੂੰ ਮੁਫ਼ਤ ਦਿੱਤੀਆਂ ਗਈਆਂ। ਉਨ੍ਹਾਂ ਕਿਹਾ ਕਿ ਇਸ ਕਿਤਾਬ ਦਾ ਏਡੀ ਵੱਡੀ ਗਿਣਤੀ ਵਿੱਚ ਛਪਣਾ ਅਤੇ ਲੋਕਾਂ ਵਿੱਚ ਮੁਫ਼ਤ ਵੰਡਿਆ ਜਾਣਾ ਆਪਣੇ ਆਪ ਵਿੱਚ ਇੱਕ ਰਿਕਾਰਡ ਹੈ। ਉੱਘੇ ਪੰਜਾਬੀ ਕਵੀ ਤੇ ਵਾਰਤਕ ਲੇਖਕ ਗੁਰਦੇਵ ਚੌਹਾਨ ਨੇ ਸ਼ਾਮ ਸਿੰਘ ਦੀ ਵਿਅੰਗਮਈ ਕਵਿਤਾ ਅਤੇ ਬੈਂਤ ਰੂਪ ਵਿੱਚ ਲਿਖੀ ਗਈ ਇਸ ਪੁਸਤਕ ਦੀ ਸਰਾਹਨਾ ਕਰਦਿਆਂ ਕਿਹਾ ਕਿ ਸ਼ਾਮ ਸਿੰਘ ਦੀ ਲਿਖਣ-ਸ਼ੈਲੀ ਦੀ ਆਪਣੀ ਹੀ ਵਿਲੱਖਣਤਾ ਹੈ। ਉਸ ਦੀ ਕਵਿਤਾ ਵਿਚ ਬੇਹੱਦ ਰਵਾਨੀ ਹੈ ਅਤੇ ਉਹ ਆਪਣੀਆਂ ਕਵਿਤਾਵਾਂ ਵਿੱਚ ਸ਼ਬਦਾਂ ਨੂੰ ਬੜੇ ਸਲੀਕੇ ਨਾਲ ਗੁੰਦਦਾ ਹੋਇਆ ਉਨ੍ਹਾਂ ਦੇ ਹਾਵ-ਭਾਵ ਬਾਖੂਬੀ ਪ੍ਰਗਟ ਕਰਦਾ ਹੈ। ਉਨ੍ਹਾਂ ਕਿਹਾ ਕਿ ਹਥਲੀ ਪੁਸਤਕ ਵਿੱਚ ਉਸ ਨੇ ਇਸ ਜਹਾਨ ਤੋਂ ਤੁਰ ਗਏ 43 ਮਹੱਤਵਪੂਰਨ ਪੰਜਾਬੀ ਲੇਖਕਾਂ, ਪੱਤਰਕਾਰਾਂ, ਸਮਾਜ-ਸੇਵਕਾਂ ਅਤੇ ਪੰਜਾਬੀ ਨਾਟਕ ਤੇ ਰੰਗਮੰਚ ਨਾਲ ਜੁੜੀਆਂ ਸ਼ਖ਼ਸੀਅਤਾਂ ਦੇ ਸ਼ਬਦ-ਚਿੱਤਰ (ਮਰਸੀਏ) ਬੈਂਤ ਰੂਪ ਵਿਚ ਬਾਖੂਬੀ ਲਿਖੇ ਹਨ।

'ਪੰਜਾਬੀ ਟ੍ਰਿਬਿਊਨ' ਵਿੱਚ ਕੰਮ ਕਰਨ ਦੌਰਾਨ ਸ਼ਾਮ ਸਿੰਘ ਨਾਲ ਜੁੜੀਆਂ ਯਾਦਾਂ ਸਾਂਝੀਆਂ ਕਰਦਿਆਂ ਉੱਘੇ ਪੱਤਰਕਾਰ ਗੁਰਦਿਆਲ ਬੱਲ ਨੇ ਕਿਹਾ ਕਿ ਸ਼ਾਮ ਸਿੰਘ ਇੱਕ ਸੁਲਝਿਆ ਪੱਤਰਕਾਰ ਹੋਣ ਦੇ ਨਾਲ ਨਾਲ ਸ਼ਾਨਦਾਰ ਕਵੀ ਵੀ ਹੈ। ਉਨ੍ਹਾਂ ਦੱਸਿਆ ਕਿ ਉਹ ਉਦੋਂ ਵੀ ਕਟਾਖ਼ਸ਼ ਭਰਪੂਰ ਦਿਲਚਸਪ ਕਾਵਿ-ਟੋਟਕੇ ਸੁਣਾ ਕੇ ਸਾਰਿਆਂ ਨੂੰ ਖ਼ੁਸ਼ ਕਰਦਾ ਹੁੰਦਾ ਸੀ। ਮਿਸੀਸਾਗਾ ਤੋਂ ਉਚੇਚੇ ਤੌਰ 'ਤੇ ਪਹੁੰਚੇ ਪੱਤਰਕਾਰ ਸਤਬੀਰ ਸਿੰਘ ਨੇ ਵੀ ਆਪਣੇ ਸੰਬੋਧਨ ਵਿੱਚ ਸ਼ਾਮ ਸਿੰਘ ਦੀ ਪੱਤਰਕਾਰੀ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਕਿਹਾ ਕਿ ਪੱਤਰਕਾਰੀ ਉਸ ਦਾ ਰੋਜ਼ਗਾਰ ਸੀ ਅਤੇ ਕਵਿਤਾ ਤੇ ਵਿਅੰਗਾਤਮਕਿ ਟੋਟਕੇ ਲਿਖਣਾ ਉਸ ਦਾ ਸ਼ੌਕ ਸੀ ਜੋ ਹੁਣ ਤੀਕ ਉਵੇਂ ਹੀ ਕਾਇਮ ਹੈ। ਪ੍ਰੋ. ਜਗੀਰ ਸਿੰਘ ਕਾਹਲੋਂ ਨੇ ਕਿਹਾ ਕਿ 'ਪੰਜਾਬੀ ਟ੍ਰਿਬਿਊਨ' ਨੂੰ ਪੜ੍ਹਨ ਸਮੇਂ ਉਨ੍ਹਾਂ ਦੀ ਪ੍ਰਾਥਮਿਕਤਾ ਇਸ ਦਾ ਸ਼ਾਮ ਸਿੰਘ ਹੁਰਾਂ ਵੱਲੋਂ ਲਿਖਿਆ ਜਾਂਦਾ ਕਾਲਮ 'ਅੰਗਸੰਗ' ਪੜ੍ਹਨ ਦੀ ਹੁੰਦੀ ਸੀ ਅਤੇ ਇਸ ਦੀਆਂ ਖ਼ਬਰਾਂ ਤੇ ਹੋਰ ਮੈਟਰ ਬਾਅਦ ਵਿੱਚ ਪੜ੍ਹਿਆ ਜਾਂਦਾ ਸੀ। ਉਨ੍ਹਾਂ ਕਿਹਾ ਕਿ ਸ਼ਾਮ ਸਿੰਘ ਨੇ ਇਸ ਪੁਸਤਕ ਵਿਚ 43 ਮਹਾਨ ਪੰਜਾਬੀਆਂ ਦੀ ਵਧੀਆ ਕਾਰਗੁਜ਼ਾਰੀ ਬਿਆਨ ਕਰਦਿਆਂ ਉਨ੍ਹਾਂ ਨੂੰ 'ਨਿਰਾਲੇ ਯਾਰ' ਕਹਿੰਦਿਆਂ ਹੋਇਆਂ ਸ਼ਾਨਦਾਰ ਕਾਵਿਕ-ਸ਼ਰਧਾਂਜਲੀ ਭੇਂਟ ਕੀਤੀ ਹੈ। ਮਲਵਿੰਦਰ ਸ਼ਾਇਰ ਨੇ ਸ਼ਾਮ ਸਿੰਘ ਨੂੰ 'ਵਿਲੱਖਣ ਕਵੀ' ਕਿਹਾ ਜਿਨ੍ਹਾਂ ਦੀਆਂ ਕਵਿਤਾਵਾਂ ਵਿੱਚ ਵਿਅੰਗਮਈ-ਤੱਤ ਵੱਡੀ ਮਾਤਰਾ ਵਿੱਚ ਮੌਜੂਦ ਹੈ। ਉਨ੍ਹਾਂ ਵੱਲੋਂ ਲਿਖੇ ਗਏ ਇਸ ਪੁਸਤਕ ਵਿਚਲੇ ਵੱਖ-ਵੱਖ 'ਮਰਸੀਏ' ਇੱਕ ਵੱਖਰੀ ਕਾਵਿ- ਵੰਨਗੀ ਪੇਸ਼ ਕਰਦੇ ਹਨ। ਸਕਾਰਬਰੋ ਤੋਂ ਲੰਮਾਂ ਪੈਂਡਾ ਤੈਅ ਕਰਕੇ ਆਏ ਰਾਜਕੁਮਾਰ ਉਸ਼ੋਰਾਜ ਨੇ ਪੁਸਤਕ ਵਿੱਚ ਸ਼ਾਮਲ ਉੱਘੇ ਕਵੀ ਸ਼ਿਵ ਕੁਮਾਰ ਬਟਾਲਵੀ ਬਾਰੇ ਬੈਂਤਾਂ ਦਾ ਜ਼ਿਕਰ ਕਰਦਿਆਂ ਆਪਣੀ ਸ਼ਿਵ ਕੁਮਾਰ ਬਾਰੇ ਲਿਖੀ ਗਈ ਕਵਿਤਾ ਦੇ ਕੁਝ ਬੰਦ ਸੁਣਾਏ। ਹਰਮੇਸ਼ ਸਿੰਘ ਜੀਂਦੋਵਾਲ ਵੱਲੋਂ ਸੰਤ ਰਾਮ ਉਦਾਸੀ ਬਾਰੇ ਪੁਸਤਕ ਵਿਚ ਦਰਜ ਕਵਿਤਾ ਆਪਣੀ ਸੁਰੀਲੀ ਆਵਾਜ਼ ਵਿੱਚ ਪੇਸ਼ ਕੀਤੀ ਗਈ। ਸਮਾਗ਼ਮ ਵਿੱਚ ਸੁਭਾਸ਼ ਕੁਮਾਰ ਸ਼ਰਮਾ, ਜਸਵਿੰਦਰ ਸਿੰਘ ਅਤੇ ਕੈਪਟਨ ਬਲਬੀਰ ਸਿੰਘ ਸੰਧੂ ਹੁਰਾਂ ਵੱਲੋਂ ਵੀ ਆਪਣੇ ਵਿਚਾਰ ਸਾਂਝੇ ਕੀਤੇ ਗਏ। ਮੰਚ ਦਾ ਸੰਚਾਲਨ ਕਰ ਰਹੇ ਡਾ, ਝੰਡ ਨੇ ਇਸ ਪੁਸਤਕ ਬਾਰੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਬੈਂਤ ਵਿੱਚ ਲਿਖੀ ਗਈ ਇਸ ਕਿਤਾਬ ਦੀ ਇਹ ਵਿਲੱਖਣਤਾ ਹੈ ਕਿ ਇਸ ਦੀ ਭੂਮਿਕਾ ਵੀ ਲੇਖਕ ਵੱਲੋਂ ਬੈਂਤ ਵਿਚ ਹੀ ਹੈ। ਉਨ੍ਹਾਂ ਕਿਹਾ ਕਿ ਪੁਸਤਕ ਨੂੰ ਪੜ੍ਹਦਿਆਂ ਬੈਂਤ ਵਿੱਚ ਲਿਖੀ ਗਈ ਵਾਰਸ ਸ਼ਾਹ ਦੀ 'ਹੀਰ', ਸ਼ਾਹ ਮੁਹੰਮਦ ਦੇ ਸ਼ਾਹਕਾਰ 'ਜੰਗ ਹਿੰਦ ਪੰਜਾਬ' ਅਤੇ ਕਾਦਰਯਾਰ ਦੇ ਪੂਰਨ ਬਾਰੇ ਲਿਖੇ ਗਏ ਕਿੱਸੇ ਦੀ ਯਾਦ ਤਾਜ਼ਾ ਹੋ ਜਾਂਦੀ ਹੈ। ਇਸ ਦੌਰਾਨ ਵੱਖ-ਵੱਖ ਬੁਲਾਰਿਆਂ ਨੂੰ ਮੰਚ 'ਤੇ ਪੇਸ਼ ਕਰਦਿਆਂ ਵਿੱਚ-ਵਿਚਾਲ ਪੁਸਤਕ ਵਿੱਚ ਦਰਜ ਅਹਿਮ ਸ਼ਖ਼ਸੀਅਤਾਂ 'ਸੇਵਾ ਦੇ ਪੁੰਜ' ਭਗਤ ਪੂਰਨ ਸਿੰਘ (ਪਿੰਗਲਵਾੜਾ ਅੰਮ੍ਰਿਤਸਰ), ਕਵੀਆਂ ਦਵਿੰਦਰ ਸਤਿਆਰਥੀ ਤੇ ਡਾ ਜਗਤਾਰ, ਨਾਟਕਕਾਰ ਬਲਵੰਤ ਗਾਰਗੀ, ਪੰਜਾਬੀ ਰੰਗਮੰਚ ਦੇ 'ਬਾਬਾ ਬੋਹੜ' ਭਾਅ ਜੀ ਗੁਰਸ਼ਰਨ ਸਿੰਘ, ਬਹੁ-ਪੱਖੀ ਸ਼ਖ਼ਸੀਅਤ ਡਾ ਐੱਮ ਐੱਸ ਰੰਧਾਵਾ, ਵਿਅੰਗ ਲੇਖਕ ਡਾ ਗੁਰਨਾਮ ਸਿੰਘ 'ਤੀਰ' ਤੇ ਕਈ ਹੋਰਨਾਂ ਬਾਰੇ ਸ਼ਾਮ ਸਿੰਘ ਦੇ ਲਿਖੇ ਹੋਏ ਬੰਦ ਸੁਣਾ ਕੇ ਉਨ੍ਹਾਂ ਨੂੰ ਸਰੋਤਿਆਂ ਦੇ ਰੂ-ਬ-ਰੂ ਕੀਤਾ। ਸ਼ਾਮ ਦੇ ਪੰਜ ਵਜੇ ਤੋਂ ਰਾਤ ਦੇ ਨੌਂ ਵਜੇ ਤੱਕ ਚੱਲੇ ਇਸ ਸਮਾਗ਼ਮ ਦੌਰਾਨ ਮੇਜ਼ਬਾਨ ਹਰਮੇਸ਼ ਸਿੰਘ ਜੀਂਦੋਵਾਲ ਵੱਲੋਂ ਇਸ ਮੌਕੇ ਕੀਤੇ ਗਏ ਚਾਹ-ਪਾਣੀ/ਧਾਣੀ ਅਤੇ ਰਾਤ ਦੇ ਖਾਣੇ ਦੇ ਸ਼ਾਨਦਾਰ ਪ੍ਰਬੰਧ ਦੀ ਸਾਰਿਆਂ ਵੱਲੋਂ ਭਰਪੂਰ ਸ਼ਲਾਘਾ ਕੀਤੀ ਗਈ। 'ਪੰਜਾਬੀ ਦੁਨੀਆਂ' ਤੇ '24/7 ਟੀ ਵੀ' ਦੇ ਸੰਚਾਲਕ ਹਰਜੀਤ ਸਿੰਘ ਗਿੱਲ ਵੱਲੋਂ ਇਸ ਸਮਾਗ਼ਮ ਦੀ ਵੀਡੀ-ਰੀਕਾਰਡਿੰਗ ਕੀਤੀ ਗਈ, ਇਸ ਤਰ੍ਹਾਂ ਸ਼ਾਮ ਸਿੰਘ ਅੰਗਸੰਗ ਹੁਰਾਂ ਦੀ ਪੁਸਤਕ ਨਾਲ ਜੁੜਿਆ ਇਹ ਸਮਾਗ਼ਮ ਸਾਰਿਆਂ ਲਈ ਯਾਦਗਾਰੀ ਹੋ ਨਿਬੜਿਆ।

PM ਕਿਸਾਨ ਸਨਮਾਨ ਨਿਧੀ ਯੋਜਨਾ ਦਾ ਲਾਭ ਜਾਰੀ ਰੱਖਣ ਲਈ ਲੈਂਡ ਸੀਡਿੰਗ, E-K.Y.C. ਤੇ ਖਾਤੇ ਨੂੰ ਆਧਾਰ ਨਾਲ ਲਿੰਕ ਕਰਵਾਉਣਾ ਲਾਜ਼ਮੀ

ਸਰਕਾਰ ਵੱਲੋਂ ਪ੍ਰਾਪਤ ਹੋਈਆਂ ਹਦਾਇਤਾਂ ਬਾਰੇ ਜ਼ਿਲ੍ਹਾ ਮੋਗਾ ਦੇ ਮੁੱਖ ਖੇਤੀਬਾੜੀ ਅਫ਼ਸਰ ਡਾ. ਕਰਨਜੀਤ ਸਿੰਘ ਗਿੱਲ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਯੋਜਨਾ ਅਧੀਨ ਜਿਹਨਾਂ ਲਾਭਪਾਤਰੀਆਂ ਦੀ ਹੁਣ ਤੱਕ ਪੀ.ਐਮ. ਕਿਸਾਨ ਪੋਰਟਲ ਤੇ ਲੈਂਡ ਸੀਡਿੰਗ (ਜ਼ਮੀਨ ਦੀ ਡਿਟੇਲ), ਈ-ਕੇ.ਵਾਈ.ਸੀ. ਅਤੇ ਆਪਣੇ ਬੈਂਕ ਖਾਤੇ ਆਧਾਰ ਨਾਲ ਲਿੰਕ ਨਹੀਂ ਕਰਵਾਏ ਉਹ ਆਪਣੇ ਨਜ਼ਦੀਕੀ ਖੇਤੀਬਾੜੀ ਦਫ਼ਤਰ/ਕਾਮਨ ਸਰਵਿਸ ਸੈਂਟਰ ਅਤੇ ਆਪਣੇ ਬੈਂਕ ਨਾਲ ਜਰੂਰੀ ਦਸਤਾਵੇਜ਼ਾਂ ਸਮੇਤ ਸੰਪਰਕ ਕਰਨ ਅਤੇ ਆਪਣੀ ਲੈਂਡ ਸੀਡਿੰਗ/ਈ-ਕੇ.ਵਾਈ.ਸੀ. ਅਤੇ ਆਪਣੇ ਬੈਂਕ ਖਾਤੇ ਆਧਾਰ ਨਾਲ ਲਿੰਕ ਕਰਵਾਉਣ ਤਾਂ ਜੋ ਉਹ ਭਾਰਤ ਸਰਕਾਰ ਦੁਆਰਾ ਚਲਾਈ ਗਈ ਪੀ.ਐਮ. ਕਿਸਾਨ ਸਨਮਾਨ ਨਿਧੀ ਸਕੀਮ ਦਾ ਲਾਭ ਪ੍ਰਾਪਤ ਕਰ ਸਕਣ। ਉਹਨਾਂ ਦੱਸਿਆ ਕਿ ਇਸ ਤੋਂ ਇਲਾਵਾ ਜਿਹੜੇ ਜਿਮੀਦਾਰਾਂ ਨੇ ਆਪਣੇ ਫਾਰਮ ਨਹੀਂ ਭਰੇ, ਉਹ ਕਾਮਨ ਸਰਵਿਸ ਸੈਂਟਰਾਂ ਰਾਹੀਂ ਆਪਣੇ ਫਾਰਮ ਭਰ ਸਕਦੇ ਹਨ, ਤਾਂ ਜੋ ਉਹ ਭਾਰਤ ਸਰਕਾਰ ਦੁਆਰਾ ਚਲਾਈ ਗਈ ਪੀ.ਐਮ. ਕਿਸਾਨ ਸਨਮਾਨ ਨਿਧੀ ਸਕੀਮ ਦਾ ਲਾਭ ਪ੍ਰਾਪਤ ਕਰ ਸਕਣ। ਉਨ੍ਹਾਂ ਅੱਗੇ ਦੱਸਿਆ ਕਿ ਇਸ ਸਬੰਧ ਵਿੱਚ ਲੋੜ ਪੈਣ ਤੇ ਹੋਰ ਜ਼ਰੂਰੀ ਜਾਣਕਾਰੀ ਪ੍ਰਾਪਤ ਕਰਨ ਲਈ ਲਾਭਪਾਤਰੀ ਮੋਬਾਇਲ ਨੰਬਰ 77106-65725 ਉੱਪਰ ਜਾਂ ਈ ਮੇਲ pmkisan98@gmail.com, ਉੱਪਰ ਸੰਪਰਕ ਕਰ ਸਕਦੇ ਹਨ।

ਜਗਜੀਤ ਸਿੰਘ ਡੱਲੇਵਾਲ ਨੂੰ ਮਿਲਣ ਪੁੱਜੇ ਕਿਸਾਨਾਂ ਨੂੰ ਰੋਕਿਆ, ਦੋ ਗ੍ਰਿਫ਼ਤਾਰ

ਲੁਧਿਆਣਾ : ਦਯਾਨੰਦ ਮੈਡੀਕਲ ਕਾਲਜ ਅਤੇ ਹਸਪਤਾਲ ਵਿੱਚ ਦਾਖਲ ਜਗਜੀਤ ਸਿੰਘ ਡੱਲੇਵਾਲ ਨੂੰ ਮਿਲਣ ਲਈ ਕਿਸਾਨਾਂ ਦੇ ਇਕ ਵਫ਼ਦ ਦੇ ਅੱਜ ਹਸਪਤਾਲ ਪੁੱਜਣ ਦੌਰਾਨ ਡੀਐੱਮਸੀ ਦੇ ਬਾਹਰ ਭਾਰੀ ਸੁਰੱਖਿਆ ਤਾਇਨਾਤੀ ਦੇ ਚਲਦਿਆਂ ਉਨ੍ਹਾਂ ਨੂੰ ਕਿਸਾਨ ਆਗੂ ਨੂੰ ਮਿਲਣ ਨਹੀਂ ਦਿੱਤਾ ਗਿਆ। ਇਸ ਦਾ ਕਿਸਾਨਾਂ ਨੇ ਵਿਰੋਧ ਸ਼ੁਰੂ ਕਰ ਦਿੱਤਾ ਅਤੇ ਉਹ ਓਪੀਡੀ ਦੇ ਬਾਹਰ ਧਰਨਾ ਲਗਾ ਕੇ ਬੈਠ ਗਏ। ਇਸ ਦੌਰਾਨ ਪੁਲੀਸ ਅਧਿਕਾਰੀਆਂ ਨੇ ਸਥਿਤੀ ਨੂੰ ਕਾਬੂ ਹੇਠ ਰੱਖਣ ਅਤੇ ਮਰੀਜ਼ਾਂ ਨੂੰ ਪ੍ਰੇਸ਼ਾਨੀ ਦੇ ਮੱਦੇਨਜ਼ਰ ਦੋ ਕਿਸਾਨਾਂ ਨੂੰ ਹਿਰਾਸਤ ਵਿੱਚ ਲੈ ਲਿਆ, ਪਰ ਕਿਸਾਨ ਡੱਲੇਵਾਲ ਨੂੰ ਮਿਲਣ 'ਤੇ ਅੜੇ ਹੋਏ ਸਨ ਅਤੇ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕਰ ਰਹੇ ਸਨ। ਜ਼ਿਕਰਯੋਗ ਹੈ ਕਿ ਕਿਸਾਨ ਆਗੂ ਡੱਲੇਵਾਲ ਵੱਲੋਂ ਕਿਸਾਨੀ ਮੰਗਾਂ ਨੂੰ ਲੈ ਕੇ ਮੰਗਲਵਾਰ ਮਰਨ ਵਰਤ ਸ਼ੁਰੂ ਕੀਤਾ ਜਾਣਾ ਸੀ ਪਰ ਉਸ ਤੋਂ ਪਹਿਲਾਂ ਹੀ ਕਥਿਤ ਤੌਰ 'ਤੇ ਉਨ੍ਹਾਂ ਨੂੰ ਖਨੌਰੀ ਸਰਹੱਦ ਤੋਂ ਪੁਲੀਸ ਨੇ ਚੁੱਕ ਲਿਆ। ਇਸ ਉਪਰੰਤ ਡੱਲੇਵਾਲ ਨੂੰ ਸਿਹਤ ਦੀ ਜਾਂਚ ਲਈ ਡੀਐਮਸੀ ਲੁਧਿਆਣਾ ਲਿਆਂਦਾ ਗਿਆ।

ਸਪੀਕਰ ਸੰਧਵਾਂ ਨੇ ਪੰਜਾਬ ਵਿਧਾਨ ਸਭਾ ਦਾ ਦੌਰਾ ਕਰਨ ਆਈਆਂ ਸਕੂਲੀ ਤੇ ਕਾਲਜ ਵਿਦਿਆਰਥਣਾਂ ਨੂੰ ਜੀਵਨ 'ਚ ਸਫਲ ਹੋਣ ਅਤੇ ਚੰਗੇ ਨਾਗਰਿਕ ਬਣਨ ਲਈ ਪ੍ਰੇਰਿਆ

ਚੰਡੀਗੜ੍ਹ: ਪੰਜਾਬ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਚੰਡੀਗੜ੍ਹ ਅਤੇ ਮੁਹਾਲੀ ਦੇ ਸਕੂਲਾਂ ਅਤੇ ਕਾਲਜਾਂ ਦੀਆਂ 30 ਦੇ ਕਰੀਬ ਵਿਦਿਆਰਥਣਾਂ, ਜੋ ਪੰਜਾਬ ਵਿਧਾਨ ਸਭਾ ਦਾ ਦੌਰਾ ਕਰਨ ਆਈਆਂ ਸਨ, ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਆਪਣਾ ਟੀਚਾ ਮਿੱਥ ਕੇ ਜੀਵਨ 'ਚ ਸਫਲ ਹੋਣ ਅਤੇ ਚੰਗੇ ਨਾਗਰਿਕ ਬਣ ਕੇ ਦੇਸ਼ ਦੀ ਸੇਵਾ ਕਰਨ ਲਈ ਪ੍ਰੇਰਿਤ ਕੀਤਾ।

ਲੋਕ ਭਲਾਈ ਦੇ ਉਦੇਸ਼ ਤਹਿਤ ਕੰਮ ਕਰ ਰਹੀ ਇੱਕ ਸਵੈ-ਸੇਵੀ ਸੰਸਥਾ ਦੇ ਨਾਲ ਜੁੜੀਆਂ ਇਨ੍ਹਾਂ ਵਿਦਿਆਰਥਣਾਂ ਦੇ ਗਰੁੱਪ ਵੱਲੋਂ ਪੰਜਾਬ ਵਿਧਾਨ ਸਭਾ ਦਾ ਦੌਰਾ ਕੀਤਾ ਗਿਆ। ਸਪੀਕਰ ਸੰਧਵਾਂ ਨੇ ਜਿੱਥੇ ਇਨ੍ਹਾਂ ਵਿਦਿਆਰਥਣਾਂ ਨਾਲ ਵਿਸਥਾਰ 'ਚ ਵਿਚਾਰ-ਵਟਾਂਦਰਾ ਕੀਤਾ, ਉਥੇ ਹੀ ਉਨ੍ਹਾਂ ਨੂੰ ਰਾਜਨੀਤੀ, ਬਿਜ਼ਨਸ, ਆਈ.ਏ.ਐਸ, ਪੀ.ਸੀ.ਐਸ, ਡਾਕਟਰ ਅਤੇ ਸਾਇੰਸਦਾਨ ਬਣਨ ਲਈ ਵੀ ਪ੍ਰੇਰਿਆ। ਸਪੀਕਰ ਸੰਧਵਾਂ ਨੇ ਕਿਹਾ ਕਿ ਅੱਜ ਦੇ ਵਿਦਿਆਰਥੀ, ਕੱਲ੍ਹ ਦੇ ਨੇਤਾ ਹਨ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ 'ਚ ਰਾਜਨੀਤੀ 'ਚ ਆਉਣ ਦੀ ਰੁਚੀ ਹੋਣਾ ਚੰਗਾ ਸੰਕੇਤ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਜਾਗਰੂਕ ਰਹਿਣ ਦੀ ਪ੍ਰੇਰਣਾ ਦਿਦਿਆਂ ਕਿਹਾ ਕਿ ਸੂਬੇ ਅਤੇ ਦੇਸ਼ 'ਚ ਵਾਪਰਦੀਆਂ ਕਾਨੂੰਨੀ, ਰਾਜਸੀ ਤੇ ਹੋਰਨਾਂ ਘਟਨਾਵਾਂ 'ਤੇ ਤਿੱਖੀ ਨਜ਼ਰ ਰੱਖਣੀ ਰਾਜਨੀਤੀ 'ਚ ਰੁਚੀ ਰੱਖਣ ਵਾਲਿਆਂ ਲਈ ਬੇਹੱਦ ਜ਼ਰੂਰੀ ਹੈ। ਉਨ੍ਹਾਂ ਵਿਦਿਆਰਥਣਾਂ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਵੱਖ-ਵੱਖ ਘਟਨਾਵਾਂ ਦੀ ਪਰਖ-ਪੜਚੋਲ ਅਤੇ ਆਪਣਾ ਇੱਕ ਨਜ਼ਰੀਆ ਵਿਕਸਿਤ ਕਰਨਾ ਬੇਹੱਦ ਜ਼ਰੂਰੀ ਹੈ।

ਉਨ੍ਹਾਂ ਕਿਹਾ ਕਿ ਦੇਸ਼ 'ਚ ਵਾਪਰਦਾ ਹਰ ਵਰਤਾਰਾ ਰਾਜਨੀਤੀ ਨਾਲ ਜੁੜਿਆ ਹੋਇਆ ਹੈ। ਇਸ ਲਈ ਜੇਕਰ ਵਿਦਿਆਰਥੀਆਂ ਦੀ ਰਾਜਨੀਤੀ ਵਿੱਚ ਦਿਲਚਸਪੀ ਹੈ ਤਾਂ ਉਹ ਅੱਗੇ ਵਧਣ ਅਤੇ ਇਹ ਜਾਣਨ ਦੀ ਕੋਸ਼ਿਸ਼ ਕਰਨ ਕਿ ਦੇਸ਼ ਵਿੱਚ ਕੀ ਵਾਪਰ ਰਿਹਾ ਹੈ। ਸਪੀਕਰ ਨੇ ਕਿਹਾ ਕਿ ਨੌਜਵਾਨਾਂ ਵੱਲੋਂ ਰਾਜਨੀਤੀ ਵਿੱਚ ਆਉਣ ਨਾਲ ਰਾਜਨੀਤੀ ਵਿੱਚ ਵੱਡਾ ਸੁਧਾਰ ਹੋਵੇਗਾ। ਸਪੀਕਰ ਨਾਲ ਗੱਲਬਾਤ ਦੌਰਾਨ ਜਦੋਂ ਸੈਕਰਡ ਹਾਰਟ ਸੀਨੀਅਰ ਸੈਕੰਡਰੀ ਚੰਡੀਗੜ੍ਹ ਸਕੂਲ ਦੀ ਪੰਜਵੀਂ ਜਮਾਤ ਦੀ ਵਿਦਿਆਰਥਣ ਰਾਧਿਕਾ ਨੇ ਰਾਜਨੀਤੀ 'ਚ ਆਉਣ ਅਤੇ ਪੰਜਾਬ ਵਿਧਾਨ ਸਭਾ ਦੀ ਸਪੀਕਰ ਬਣਨ ਦੀ ਇੱਛਾ ਜ਼ਾਹਿਰ ਕੀਤੀ, ਤਾਂ ਸੰਧਵਾਂ ਨੇ ਉਸਨੂੰ ਸਪੀਕਰ ਦੀ ਕੁਰਸੀ 'ਤੇ ਬਿਠਾਉਣ ਲਈ ਕਿਹਾ। ਉਸਨੂੰ ਵੀ.ਆਈ.ਪੀ. ਰੂਟ ਰਾਹੀਂ ਲਿਜਾ ਕੇ ਸਪੀਕਰ ਦੀ ਕੁਰਸੀ 'ਤੇ ਬਿਠਾਇਆ ਗਿਆ ਅਤੇ

ਪੰਜਾਬ ਸਟਾਰ

To Contact Us:
Editor:
Simrat Grewal
905-673-7666
Marketing Director:
Lakhwinder Singh Sandhu
647-400-7314

Senior Advisors:
Harkirat Singh
Abnash Nijjor
Davinder Sandhu
Onkar Grewal

Technical Director :
Bobby Bhamra

Accounts Advisor:
Sandeep Assi (CGA)
905-450-8999

Correspondant:
Raghbir Singh Kahlon (Ludhiana)
Amolak Mann (San jose)
Kulwinder Singh (New Jersey)
Ragvir Singh (Jalandhar)

Registered Office:
7035 Maxwell Rd.,
Suite#203, Mississauga, ON.
L5S 1R5
Ph: 905-673-7666
Fax: 289-206-8611

website:-
www.punjabstar.com
Email:-
editor@punjabstar.com

Annual Subscription
Canada:- $1:00
International:-$1:50

ਪੰਜਾਬ ਸਟਾਰ ਦੇ ਸੰਪਾਦਕ ਜਾਂ ਇਸ ਨਾਲ ਜੁੜੇ ਲੋਕਾਂ ਦਾ ਪੰਜਾਬ ਸਟਾਰ ਵਿੱਚ ਛਪਦੀਆਂ ਲਿਖਤਾਂ ਅਤੇ ਇਸ਼ਤਿਹਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

The Punjab Star management & people associated with it are not responsible for any claims made by the advertisers & do not endorse any product or services advertised in Punjab star. We sell the space in the newspaper, and the claims are those of the advertisers. Please consult your lawyer before buying through the advertisements published in Punjab Star.

ਬੁੱਧ ਵਿਵੇਕ

ਕੁੱਤਾ ਰਾਜ ਬਹਾਲੀਐ, ਮੁੜ ਚੱਕੀ ਚੱਟੇ !

ਪੰਜਾਬ ਵਿੱਚ ਹਰ ਦਿਨ ਨਵੇਂ ਤਜਰਬੇ ਕੀਤੇ ਜਾ ਰਹੇ ਹਨ। ਅਸੀਂ ਖ਼ੁਦ ਤਜਰਬਿਆਂ ਦੇ ਭਾਈਵਾਲ ਬਣ ਗਏ ਹਾਂ। ਜਿਹੜਾ ਕੰਮ ਦੁਸ਼ਮਣ ਨੇ ਕਰਨਾ ਸੀ, ਉਹ ਆਪ ਕਰੀ ਜਾ ਰਹੇ ਹਾਂ। ਅਸੀਂ ਆਪਣੇ ਵਿਰਸੇ ਨੂੰ ਸੰਭਾਲਣ ਦੀ ਵਜਾਏ ਉਸਨੂੰ ਹੱਥੀਂ ਲਾਂਬੂ ਲਾਉਣ ਲੱਗੇ ਹੋਏ ਹਾਂ।

ਹੁਣ ਅਸੀਂ ਜਿਸ ਦੌਰ ਵਿੱਚੋਂ ਗੁਜ਼ਰ ਰਹੇ ਹਾਂ, ਇਸ ਸਮੇਂ ਅਸੀਂ ਗੂੰਗੇ, ਬੋਲੇ ਤੇ ਅੰਨ੍ਹੇ ਬਣ ਕੇ ਰਹਿ ਗਏ ਹਾਂ। ਅੱਖਾਂ ਦੇ ਸਭ ਕੁੱਝ ਹੁੰਦਾ ਦੇਖੀ ਜਾ ਰਹੇ ਹਾਂ, ਪਰ ਬੋਲਦੇ ਨਹੀਂ। ਸਾਡੀ ਜੀਭ ਕਿਉਂ ਠਾਕੀ ਗਈ? ਇਸ ਬੀਮਾਰੀ ਦਾ ਸਾਨੂੰ ਕੋਈ ਪਤਾ ਨਹੀਂ, ਕਦੋਂ ਲੱਗ ਗਈ ਹੈ। ਅਸੀਂ ਬਹਾਦਰਾਂ ਦੇ ਵਾਰਿਸ ਫੁਕਰਿਆਂ ਦੇ ਵਿੱਚ ਕਿਵੇਂ ਬਦਲ ਗਏ ? ਅਸੀਂ ਆਪਣਿਆਂ ਦੀਆਂ ਜੜ੍ਹਾਂ ਕਿਉਂ ਵੱਢਣ ਲੱਗ ਪਏ ਤੇ ਦੁਸ਼ਮਣ ਸਾਹਮਣੇ ਚੱਡਿਆਂ ਵਿੱਚ ਪੂੰਛਾਂ ਲੈਣ ਕੇ ਉਹਨਾਂ ਦੇ ਖੁਰ ਚੱਟਣ ਲੱਗ ਪਏ। ਮਿੱਤਰੋ ! ਜਦੋਂ ਦੇ ਅਸੀਂ ਚੌਕੀਦਾਰ ਬਣੇ ਆਂ, ਓਦੋਂ ਦੇ ਮਿੱਤਰਾਂ ਦੇ ਬੋਲ ਪਿਆਰੇ ਹੀ ਨਹੀਂ ਲਗਦੇ, ਸਗੋਂ 'ਮਿੱਠਾ ਸ਼ਰਬਤ ਵਰਗਾ ਪਾਣੀ' ਬਣ ਗਏ ਹਨ। ਉਸ ਵੇਲ਼ੇ ਤੋਂ ਅਸੀਂ ਸਿਆਸੀ ਆਗੂਆਂ ਤੇ ਪੁਲਿਸ ਵਾਂਙੂੰ 'ਨੋਟ ਅਤੇ ਮਾਲ' ਦੇ ਢੇਰ ਤਾਂ ਨਹੀਂ ਲਗਾਏ, ਸਗੋਂ ਆਪਣੇ ਆਲ਼ੇ ਦੁਆਲ਼ੇ ਬਦਨਾਮੀ ਦੇ 'ਵੱਟਿਆਂ' ਦਾ 'ਬੋਹਲ਼' ਜ਼ਰੂਰ ਬਣਾ ਲਿਆ ਹੈ। ਆਪਣੇ ਚਾਰੇ ਪਾਸੇ ਮਿੱਤਰਾਂ ਦੀ ਨਹੀਂ, ਦੁਸ਼ਮਣਾਂ ਦੀ ਭੀੜ 'ਕੱਠੀ ਕਰ ਲਈ ਹੈ। ਹੁਣ ਹਰ ਵੇਲ਼ੇ ਇਹੀ ਡਰ ਬਣਿਆ ਰਹਿੰਦਾ ਹੈ ਕਿਤੇ ਪੀੜ ਨਾ ਸ਼ੁਰੂ ਹੋ ਜਾਵੇ। ਜਦੋਂ 'ਪੁਰੇ ਦੀ ਵਾਅ' ਚੱਲੀ ਤਾਂ ਹੱਡਾਂ 'ਚ ਕਿਤੇ ਵਾਈ ਬਾਦੀ ਦੀ ਪੀੜ ਈ ਨਾ ਸ਼ੁਰੂ ਹੋ ਜਾਵੇ। ਲੇਖਕ ਭਾਈਚਾਰੇ ਨੂੰ ਇਹ ਝੋਰਾ ਵੱਢ-ਵੱਢ ਖਾਈ ਜਾਂਦਾ ਹੈ ਕਿ ਇਹ ਦਾਦੇ ਮਗ੍ਹਾਉਣਾ 'ਬੁੱਕਲ਼' 'ਚ ਬੈਠ ਕੇ ਸਾਡੀ ਦਾਹੜੀ ਪੁੱਟੀ ਜਾਂਦਾ ਹੈ।

ਪਰ ਮਿੱਤਰੋ, ਕਰੀਏ ਕੀ ? ਜਦੋਂ ਆਪਣੇ ਹੀ ਪਰਾਏ ਹੋ ਜਾਣ ਤਾਂ ਫਿਰ ਤੇਹ ਮੋਹ ਦੀ ਭੁੱਖ ਦਾ ਮਾਰਿਆ ਬੰਦਾ ਕੀ ਕੀ ਨਹੀਂ ਕਰਦਾ? ਉਹ ਜਿਉਂਦੇ ਰਹਿਣ ਲਈ ਕਈ ਤਰ੍ਹਾਂ ਦੇ ਪਾਪੜ ਵੇਲਦਾ ਹੈ। ਹੁਣ ਸਾਨੂੰ ਬੁੱਕ ਨਾਲ਼ ਵੜੇ ਪਕਾਉਣੇ ਤਾਂ ਆਉਂਦੇ ਨਹੀਂ। ਅਸੀਂ ਤਾਂ 'ਨੰਗੇ ਧੜ' ਲੜ ਰਹੇ ਹਾਂ, ਤੇ ਨਿੱਤ 'ਭੁੱਖ-ਨੰਗ' ਨਾਲ਼ ਘੁਲ਼ ਰਹੇ ਹਾਂ। ਹੁਣ ਤੁਸੀਂ ਆਖੋਗੇ ਕਿ ਇਹ ਕੀ 'ਨਘੋਚਾਂ' ਜਿਹੀਆਂ ਕੱਢੀ ਜਾਂਦਾ ਐ? ਵਿਚਲੀ ਗੱਲ ਨਹੀਂ ਦੱਸਦਾ ਜਿਵੇਂ ਮਰਾਸੀ ਦੱਸਦੇ ਹੁੰਦੇ ਬੰਦੇ ਦਾ ਕੁਰਸੀਨਾਮਾ! ਇਹਦੇ ਪਿਉ ਦਾ ਪਿਉ ਬਗੈਰਾ ਬਗੈਰਾ। ਮਿੱਤਰੋ ! ਅਸਲ ਗੱਲ ਇਹ ਹੈ ਕਿ ਆਪਾਂ ਕੁੱਕੜੀ ਵਾਂਙੂੰ ਨਿੱਤ ਆਂਡਾ ਨਹੀਂ ਦੇਂਦੇ, ਨਾ ਹੀ ਕਦੇ ਆਪਣੀ 'ਜਿੱਤ ਦੇ ਝੰਡੇ ਗੱਡੇ' ਹਨ। ਪਰ ਜਦੋਂ ਆਲ਼ੇ-ਦੁਆਲ਼ੇ ਚੋਰੀ ਕੀਤੇ ਸ਼ਬਦਾਂ ਦੀਆਂ ਉਲ਼ਟੀਆਂ ਦਾ ਮੁਸ਼ਕ ਸਿਰ ਨੂੰ ਚੜ੍ਹਦਾ ਹੈ ਤਾਂ ਉਸਦੀ ਕਾਟ ਲਈ ਸੁਰਤ ਵਿੱਚ ਸੰਭਾਲ ਕੇ ਰੱਖੇ ਸ਼ਬਦ ਬਾਣ ਚਲਾਉਣੇ ਜ਼ਰੂਰੀ ਹੋ ਜਾਂਦੇ ਹਨ। ਦੁੱਖ ਇਸ ਗੱਲ ਦਾ ਐ ਕਿ ਮੂਹਰੇ ਕੋਈ ਦੁਸ਼ਮਣ ਨਹੀਂ ਸਗੋਂ ਉਹ ਭਰਾ ਹਨ ਜਿਹਨਾਂ ਨਾਲ਼ ਜੰਗ ਲੜਨੀ ਪੈ ਗਈ। ਹੁਣ ਤਾਂ ਹਾਲਾਤ ਵੀ ਮਹਾਂਭਾਰਤ ਦੀ ਜੰਗ ਵਰਗੇ ਹੋਏ ਪਏ ਆ । ਸਾਡੇ ਕੋਲ਼ ਤਾਂ ਮਹਾਨ ਕੋਈ ਪਾਤਰ ਵੀ ਨਹੀਂ ਹੈਗਾ ਜਿਹੜਾ ਆਪਣਿਆਂ ਨੂੰ ਮਾਰਨ ਲਈ 'ਉਪਦੇਸ਼' ਦੇ ਸਕਦਾ ਹੋਵੇ। ਹੁਣ ਤੇ ਵਿਭੀਸ਼ਣ ਵੀ ਨਹੀਂ ਹੈਗਾ ਜੋ ਕੋਈ ਗੁੱਝਾ ਭੇਤ ਆ ਕੇ ਦੱਸ ਦੇਵੇ ਤੇ ਨਿੱਤ ਦਾਲ਼ ਰੋਟੀ ਮੰਗਣ ਵਾਲ਼ਿਆਂ ਦਾ ਗਲ਼ਾ ਵੱਢਿਆ ਜਾਵੇ। ਹੁਣ ਇਹ ਹਾਲਾਤ ਮੇਰੇ 'ਕੱਲੇ ਦੇ ਨਹੀਂ ਸਭ ਦੇ ਹੀ ਬਣ ਗਏ ਹਨ। ਹੁਣ ਇੱਥੇ ਤਾਂ ਲੜਾਈ ਵਿਰੋਧੀਆਂ ਨਾਲ਼ ਲੜਨ ਦੀ ਬਜਾਏ ਬੰਦਾ ਆਪਣੇ ਆਪ ਨਾਲ਼ ਹੀ ਲੜੀ ਜਾ ਰਿਹਾ ਹੈ। ਇਸ ਲੜਾਈ ਵਿੱਚ ਕੋਈ ਹੋਰ 'ਮਰੇ ਜਾਂ ਨਾ ਮਰੇ' ਪਰ ਬੰਦਾ ਆਪਣੇ ਆਪ ਨੂੰ ਜਰੂਰ ਮਾਰ ਲੈਂਦਾ ਹੈ। ਨਿੱਤ ਮਰ ਰਿਹਾ, ਕਿਸੇ ਨੂੰ ਕੋਈ ਫਰਕ ਨਹੀਂ ਪਿਆ। ਬੰਦਾ ਕਿਵੇਂ ਮਰਦਾ ਹੈ, ਇਸ ਦੀ ਕਿਧਰੇ ਭਿਣਕ ਵੀ ਨਹੀਂ ਪੈਂਦੀ ਤੇ ਨਾ ਹੀ ਕੰਨੋਂ-ਕੰਨੀਂ ਖ਼ਬਰ ਹੁੰਦੀ ਹੈ। ਕਿੱਧਰੇ ਸੋਗ ਦੇ ਮਤੇ ਵੀ ਨਹੀਂ ਪੈਂਦੇ, ਅਖ਼ਬਾਰਾਂ ਨੂੰ ਬਿਆਨ ਵੀ ਜਾਰੀ ਨਹੀਂ ਹੁੰਦੇ। ਸਮਾਜ ਦੇ ਕਈ ਘੜ੍ਹੰਮ ਚੌਧਰੀ ਸਵੇਰੇ ਉਠ ਕੇ ਪਹਿਲਾਂ ਅਖ਼ਬਾਰਾਂ ਦੀਆਂ ਸੁਰਖੀਆਂ ਪੜ੍ਹਦੇ ਨੇ ਤੇ ਫਿਰ ਫ਼ੈਸਲਾ ਕਰਦੇ ਨੇ ਕਿ ਕਿਹੜਾ ਬਿਆਨ ਜਾਰੀ ਕਰਨਾ ਹੈ। ਇਹ ਕੰਮ ਸਿਆਸੀ ਆਗੂ ਕਰੇ ਤਾਂ ਪਿਆ ਕਰੇ, ਇਹ ਉਸ ਦੀ ਆਪਣੀ 'ਭੁੱਖ' ਹੋ ਸਕਦੀ ਹੈ, ਪਰ ਜਦੋਂ ਕੋਈ 'ਸਾਹਿਤ ਤੇ ਸਮਾਜ ਸੇਵੀ ਸੰਸਥਾ' ਇਹ ਕਹਿਣ ਲੱਗ ਪਏ ਕਿ "ਘਬਰਾ ਨਾ, ਤੇਰੀ ਮੌਤ 'ਤੇ ਵੀ ਅਸੀਂ ਮਤਾ ਪਾ ਦਿਆਂਗੇ ਤੇ ਅਖ਼ਬਾਰ ਨੂੰ ਬਿਆਨ ਵੀ ਜਾਰੀ ਕਰ ਦਿਆਂਗੇ।" ਹੱਦ ਹੋ ਗਈ, ਜਿਵੇਂ ਆਪ ਕਦੇ ਮਰਨਾ ਹੀ ਨਹੀਂ ਹੁੰਦਾ। ਬੰਦਾ ਸਰੀਰਕ ਮੌਤ ਤਾਂ ਭਾਂਵੇਂ ਇੱਕ ਵਾਰ ਮਰਦਾ ਹੈ ਪਰ ਮਾਨਸਿਕ ਤੌਰ ਤੇ ਪਲ ਪਲ ਮਰਦਾ ਹੈ। ਘਟਨਾ ਕੋਈ ਵੀ ਹੋਵੇ, ਅੱਜਕੱਲ੍ਹ ਇਹੋ ਕੁਝ ਹੁੰਦਾ ਹੈ। ਸਿਰਫ਼ ਬਿਆਨ ਹੀ ਜਾਰੀ ਹੁੰਦੇ ਹਨ... ਸਥਿਤੀ ਕਾਬੂ ਹੇਠ ਹੈ...ਜਾਂਚ ਕਮਿਸ਼ਨ ਬਣਾ ਦਿੱਤਾ ਹੈ। ਹੁਣ ਤੱਕ ਕਿਸੇ ਕਮਿਸ਼ਨ ਦੀ ਰਿਪੋਰਟ ਲਾਗੂ ਨਹੀ ਹੋਈ ? ਨਹੀਂ ਹੋਈ, ਇਹਨੂੰ ਕਹਿੰਦੇ- "ਟਾਲੋ ਨੀਤੀ ਭੁੱਲ ਜਾਓ ਕੀ ਹੈ ਹੋਈ ਬੀਤੀ ।"ਹਕੀਕਤ ਵਿੱਚ ਕੁੱਝ ਵੀ ਨਹੀਂ ਹੁੰਦਾ। ਕਦੋਂ ਤੋਂ ਕਮਿਸ਼ਨ ਤੇ 'ਸਿੱਟਾਂ' ਬਣ ਰਹੀਆਂ ਹਨ। ਇਹਨਾਂ ਨੇ ਲੋਕਾਂ ਦੇ ਪੱਲੇ ਕੀ ਪਾਇਆ ਹੈ? ਦਰਿਆਈ ਪਾਣੀਆਂ ਦੀ ਵੰਡ ਹੋਵੇ, ਬੋਲੀਆਂ ਦੀ ਹੱਦਬੰਦੀ ਹੋਵੇ, ਬੇਅਦਬੀਆਂ ਦਾ ਮਾਮਲਾ, ਬਗੈਰਾ ਬਗੈਰਾ ; ਕਿਸੇ ਵੀ ਕਮਿਸ਼ਨ ਨੇ ਪੰਜਾਬੀਆਂ ਨੂੰ ਇਨਸਾਫ਼ ਨਹੀਂ ਦਿੱਤਾ। ਐਨੀ ਬਦਨਾਮੀ ਖੱਟਣ ਤੋਂ ਬਾਅਦ, 'ਕਮਿਸ਼ਨ' ਨੇ ਲਿੰਗ ਬਦਲੀ ਕਰਵਾ ਕੇ ਆਪਣਾ ਨਵਾਂ ਨਾਂ 'ਸਿੱਟ' ਰੱਖ ਲਿਆ ਹੈ:

ਇਹ ਨਵੀਂ ਨਵੇਲੀ ਸਿੱਟ,
ਸਰਕਾਰਾਂ ਦੇ ਬੜੀ ਹੈ ਫਿੱਟ,
ਪੱਲੇ ਕਿਸੇ ਦੇ ਕੁਝ ਨਾ ਪਾਉਂਦੀ
ਤੇ ਲੋਕ ਰਹੇ ਨੇ ਪਿੱਟ,
ਕੀ ਬਲ਼ਾਅ ਇਹ,
ਕਿਸ ਕਿਸ ਦੇ ਨਾਲ਼
ਕਰਦੀ ਇਹ ਗਿਟਮਿਟ,
ਚਾਤ੍ਰਿਕ ਵਾਂਙੂੰ ਅਸੀਂ ਤਿਹਾਏ
ਤੱਕਦੇ ਪਏ ਬਿਟ ਬਿਟ,
ਪਤਾ ਨਹੀਂ ਕਦ ਮਿਲ਼ੂ ਪੀਣ ਨੂੰ
'ਸਵਾਤਿ ਨਛੱਤਰ' ਦੀ ਛਿੱਟ ?

ਜਦੋਂ ਸਾਰੇ ਹੀ 'ਬਾਪੂ ਕੇ ਤੀਨ ਬੰਦਰ' ਬਣ ਜਾਣ, ਅੱਖਾਂ, ਕੰਨ ਤੇ ਮੂੰਹ ਬੰਦ ਕਰ ਲੈਣ... ਸਰ੍ਹਾਣੇ ਹੇਠ ਬਾਂਹ ਦੇ ਕੇ ਸੌਂ ਜਾਣ ਤਾਂ ਕਿਸੇ ਨੂੰ ਤਾਂ ਬੋਲਣਾ ਈ ਪਊ, ਤੇ ਕਿਸੇ ਨੂੰ ਤਾਂ ਲਿਖਣਾ ਈ ਪਊ ? ਕਈਆਂ ਨੂੰ ਇਹ ਭਰਮ ਹੈ ਕਿ ਅਸੀਂ 'ਚੌਧਰੀ' ਹਾਂ ਤੇ ਸਾਡੀ ਚੌਧਰ ਦਾ 'ਤੁਰ੍ਹਲਾ' ਸਭ ਤੋਂ ਉੱਚਾ ਹੈ। ਉਹ ਹਰ ਥਾਂ ਚੌਧਰ ਘੋਟਦੇ ਹਨ, ਆਪਣੇ ਪ੍ਰਵਚਨ ਸੁਣਾਉਂਦੇ ਹਨ ਤੇ ਕੁਰਸੀ ਦੁਆਲ਼ੇ ਪੂਛ ਫੇਰਦੇ ਹਨ... ਕੁਰਸੀ ਨੂੰ ਜੀਭ ਨਾਲ਼ ਰਗੜ ਕੇ ਸਾਫ਼ ਕਰਦੇ ਹਨ ਤੇ ਮਾਇਆ ਨਾਲ਼ ਝੋਲ਼ੀ ਭਰਦੇ ਹਨ। ਕਈ ਵਾਰ ਭਰਮ ਵਿੱਚ ਜਾਂ ਸ਼ਰਮ ਵਿੱਚ ਮੀਸਣਾ ਹਾਸਾ ਹਸਦੇ ਹਨ । ਉਹਨਾਂ ਦੀਆਂ ਝੱਲ ਵਲੱਲੀਆਂ ਦਾ ਪਤਾ ਨੀ ਲੱਗਦੈ ਕਿ ਹੋ ਕੀ ਰਿਹਾ..? ਉਹ ਆਪਣਿਆਂ ਨੂੰ ਹੀ ਨਹੀਂ ਸਗੋਂ ਬੇਗਾਨਿਆਂ ਨੂੰ ਵੀ ਅਜਿਹੇ ਹੁਕਮ ਜਾਰੀ ਕਰਨ ਲਗਦੇ ਹਨ ਕਿ ਸੁਣਨ ਵਾਲ਼ੇ ਨੂੰ ਸਮਝ ਹੀ ਨਹੀਂ ਪੈਂਦੀ ਕਿ ਇਹ 'ਸੱਜਣ ਪੁਰਸ਼' ਕਹਿ ਕੀ ਰਹੇ ਹਨ ? ਬਹੁਤਿਆਂ ਨੇ ਲਿਖਣਾ ਸ਼ੁਗਲ ਬਣਾ ਲਿਆ ਹੈ। ਉਹਨਾਂ ਉਵੇਂ ਹੀ ਸ਼ੌਕ ਪਾਲ਼ ਲਿਆ ਹੈ ਜਿਵੇਂ ਕਬੂਤਰ ਪਾਲ਼ੀ ਦੇ ਹਨ। ਹੁਣ ਉਹ ਕਿਸੇ ਸ਼ਰਾਬੀ ਵਾਂਙੂੰ ਕਿਤਾਬਾਂ ਦੀਆਂ 'ਉਲ਼ਟੀਆਂ' ਕਰਨ ਲੱਗ ਪਏ ਹਨ। ਉਨਾਂ ਦੀਆਂ ਕਿਤਾਬਾਂ ਕਿਸ ਦੀ 'ਜੇਬ੍ਹ' ਭਾਰੀ ਕਰਦੀਆਂ ਹਨ? ਇਹ ਤਾਂ ਓਹੀਓ ਜਾਣਦੇ ਹਨ, ਜਿਹੜੇ ਕਿਤਾਬਾਂ ਛਾਪਦੇ ਹਨ। ਜਿਵੇਂ ਜਿਵੇਂ ਸਮਾਜ ਵਿੱਚ ਇਹਨਾਂ 'ਉਗਲੱਛਣਿਆਂ' ਦਾ ਵਾਧਾ ਹੋਇਆ ਹੈ, ਆਲ਼ੇ ਦੁਆਲ਼ੇ ਦੇ ਪੌਣ ਪਾਣੀ ਦੀ ਗਲਾਜ਼ਤ ਵੀ ਲਗਾਤਾਰ ਵਧਦੀ ਗਈ ਹੈ। ਜਦੋਂ ਕੋਈ ਇਹੋ ਜਿਹਾ 'ਉਲ਼ਟਬਾਜੀਆਂ' ਤੇ ਪੋਚਾ ਫੇਰ ਕੇ 'ਉਗਲੱਛਣਿਆਂ' ਨੂੰ 'ਵੱਡਾ' ਬਣਾਕੇ ਪੇਸ਼ ਕਰਨ ਲੱਗ ਪਵੇ ਤਾਂ ਸਮਝ ਨਹੀਂ ਆਉਂਦੀ ਕਿ ਅਸੀਂ ਕਿਹੜੇ ਸਮਿਆਂ 'ਚ, ਕਿਹੜੇ ਕਵੀਆਂ ਦੇ ਘੇਰੇ ਵਿੱਚ ਫਸੇ ਬੈਠੇ ਹਾਂ। ਸ਼ਬਦਾਂ ਦੀ ਜੁਗਾਲ਼ੀ ਕਰਦਿਆਂ ਤੇ ਅਲੋਕਾਰੀ ਸਾਖੀਆਂ ਸੁਣਦਿਆਂ ਹੁਣ ਡਰ ਜਿਹਾ ਲੱਗਣ ਲੱਗ ਪਿਆ ਹੈ ਕਿ ਅਸੀਂ ਕਿਸ ਨੂੰ ਆਖੀਏ ਕਿ 'ਰਾਣੀਏ ਅੱਗਾ ਢੱਕ'। ਹੁਣ ਤਾਂ ਚਿੱਟੀਆਂ ਮੁੱਛਾਂ ਵਾਲ਼ੇ 'ਰਾਣੀਆਂ' ਨੂੰ 'ਰਾਣੀਹਾਰ' ਪਾਉਣ ਲਈ ਪੱਬਾਂ ਭਾਰ ਹੋਏ ਆਪਣੇ ਕਾਰੋਬਾਰ ਹੀ ਬੰਦ ਕਰੀ ਜਾ ਰਹੇ ਹਨ। ਇਹਨਾਂ 'ਪਾਨ ਦੀਆਂ ਬੇਗ਼ਮਾਂ' ਨੂੰ ਥਾਂ ਥਾਂ ਹੁੰਦੇ ਸ਼ਬਦਾਂ ਦੇ ਮੁਜ਼ਰਿਆਂ ਵਿੱਚ 'ਮਲਿਕਾ ਏ ਅਲਫ਼ਾਜ਼' ਦਾ ਖਿਤਾਬ ਦਿਵਾਉਣ ਲਈ ਜੁਗਾੜਬੰਦੀ ਕਰਦੇ ਹਨ। ਜੇ ਅਗਾਂਹ ਦਾਲ਼ ਨਾ ਗਲ਼ੇ ਤਾਂ ਪੱਲਿਓਂ ਮਾਇਆ ਵੀ ਭੇਟ ਕਰੀ ਜਾ ਰਹੇ ਹਨ। ਇਹਨਾਂ 'ਚਿੱਟੀਆਂ ਮੁੱਛਾਂ' ਵਾਲ਼ਿਆਂ ਨੇ ਸਾਹਿਤ ਦੀ ਬੜੀ ਸੇਵਾ ਕੀਤੀ ਹੈ। ਇਹ ਅਸਮਾਨੀਂ ਚੜ੍ਹੀ ਇੱਲ ਵਾਂਙੂੰ ਹਰ ਵੇਲ਼ੇ 'ਕੱਚੇ ਮਾਸ' 'ਤੇ ਨਿਗਾਹ ਰੱਖਦੇ ਹਨ। ਜਦੋਂ ਕਦੇ ਅਸੀਂ ਇਹਨਾਂ 'ਚਿੱਟੀਆਂ' ਮੁੱਛਾਂ ਦਾਹੜੀਆਂ ਵਾਲ਼ਿਆਂ ਦੇ ਕੁਰਸੀਨਾਮੇ ਵੇਖਦੇ ਹਾਂ ਤਾਂ ਜਾਕੇ ਕਿਤੇ ਸਮਝ ਆਉਂਦੀ ਹੈ ਕਿ 'ਜੇਹੇ ਕੁੱਜੇ ਤੇਹੇ ਆਲ਼ੇ' ਹਨ। ਉਹ ਆਪਣੇ ਆਲ਼ੇ ਦੁਆਲ਼ੇ ਜਿਹੜੇ 'ਗੜਵਈਆਂ' ਦੀ ਭੀੜ ਲਾਈ ਬੈਠੇ ਹਨ, ਜਦੋਂ ਉਹ ਪ੍ਰਵਚਨ ਕਰਦੇ ਹਨ ਕਿ "ਸਾਡੇ ਚੌਗਿਰਦੇ ਸਮਾਜ ਵਿੱਚ ਪ੍ਰਦੂਸ਼ਣ ਵਧਾਉਣ ਵਾਲ਼ੀਆਂ ਸ਼ਕਤੀਆਂ ਪੈਦਾ ਹੋ ਗਈਆਂ ਹਨ, ਜਿਹੜੀਆਂ ਸਮਾਜ ਨੂੰ ਗਧਿਆਂ ਵਾਂਙੂੰ ਚਰੀ ਜਾ ਰਹੀਆਂ ਹਨ" ਤਾਂ ਹਾਸਾ ਆਉਂਦਾ ਹੈ। ਇਹ ਹਾਸਾ ਰੋਣੇ ਵਰਗਾ ਹੁੰਦਾ ਹੈ ਪਰ ਇਸ ਰੋਣੇ ਨੂੰ ਕੋਈ ਸੁਣਦਾ ਨਹੀਂ । ਸਗੋਂ ਹਰ ਕਿਸੇ ਨੇ 'ਟਿੰਡ ਵਿੱਚ ਕਾਨਾ' ਪਾਇਆ ਹੋਇਆ ਹੈ ਤੇ ਆਪੋ-ਆਪਣਾ ਰਾਗ ਅਲਾਪ ਰਿਹਾ ਹੈ। ਇਹ ਰਾਗ ਕਿਹੜਾ ਹੈ? ਇਸ ਦੀ ਨਾ ਤਾਂ ਉਹਨਾਂ ਨੂੰ ਖ਼ੁਦ ਸਮਝ ਹੈ ਤੇ ਨਾ ਹੀ ਸੁਣਨ ਵਾਲਿਆਂ ਨੂੰ ਸਮਝ ਆਉਂਦੀ ਹੈ। ਸਮਾਜ ਵਿੱਚ ਵਧ੍ਹ ਰਹੇ ਸ਼ੋਰ ਕਰਕੇ 'ਮੁਰਾਰੀ ਲਾਲ' ਆਪਣੀ ਚੁੱਪ ਦੀ ਗੁਫ਼ਾ ਵਿੱਚ ਬੈਠਾ ਆਖੀ ਜਾ ਰਿਹਾ ਹੈ, 'ਭਾਊ ਤੈਂ ਕੀ ਲੈਣਾ ਐ' ! ਢਕੀ ਰਿੱਝਣ ਦੇ।

ਪਰ ਚੌਂਕੀਦਾਰ ਕੀ ਕਹੇ? 'ਜਾਗਦੇ ਰਹੋ, ਜਾਗਦੇ ਰਹੋ' ਜਾਂ 'ਚੋਰੋ ਆ ਜਾਓ, ਘਰਾਂ ਵਾਲ਼ਿਓ ਸੌਂ ਜਾਓ' ?

ਜਦੋਂ 'ਅੰਨ੍ਹੀ ਪੀਹਵੇ ਤੇ ਕੁੱਤਾ ਚੱਟੇ, ਕੁੱਤਾ ਰਾਜ ਬਹਾਲੀਐ
ਮੁੜ ਚੱਕੀ ਚੱਟੇ ! ਫਿਰ ਤਾਂ ਏਹੀ ਕਹਿਣ ਦੀ ਲੋੜ ਹੈ।

ਚੌਂਕੀਦਾਰਾ ਲੈ ਮਿੱਤਰਾ, ਤੇਰੇ ਲੱਗਦੇ ਨੇ ਬੋਲ ਪਿਆਰੇ। ਅੱਜਕੱਲ੍ਹ ਮਿੱਤਰ ਵੀ ਮੌਸਮ ਵਾਂਗੂੰ ਬਦਲ ਰਹੇ ਨੇ; ਕੱਚੀ ਟੁੱਟਗੀ ਜੀਹਨਾਂ ਦੀ ਯਾਰੀ, ਪੱਤਣਾਂ ਤੇ ਰੋਣ ਖੜੀਆਂ ; ਹੁਣ ਤਾਂ ਕੱਚੀ ਯਾਰੀ ਲੱਛੂਆਂ ਦੀ ਬਣ ਗਈ ਹੈ। ਹੁਣ ਬੇਭਰੋਸਗੀ ਵੱਧ ਰਹੀ ਮਹਿੰਗਾਈ ਵਾਂਗੂੰ ; ਮੋਹ ਪਿਆਰ, ਜੀਡੀ ਪੀ ਤੇ ਭਾਰਤੀ ਕਰੰਸੀ ਵਾਂਗੂੰ ਦਿਨੋਂ ਦਿਨ ਡਿੱਗ ਰਿਹਾ ਹੈ ; ਝੂਠ, ਫਰੇਬ ਤੇ ਲੁੱਟਮਾਰ ਡਾਲਰ ਵਾਂਗੂੰ ਮਜ਼ਬੂਤ ਹੋ ਰਹੀ ਹੈ ।

ਹੁਣ ਜਲਦੀ ਸਭ ਭਾਰਤੀ ਬਰਾਬਰ ਹੋ ਜਾਣਗੇ ; ਸਾਰੀਆਂ ਸਿਆਸੀ ਪਾਰਟੀਆਂ ਇਕੋ ਹੀ ਵਰਦੀ ਪਾਉਣਗੀਆਂ ; ਤੁਸੀਂ ਸੌਂ ਜਾਵੋ ਚੌਕੀਦਾਰ ਜਾਗ ਰਿਹਾ ਹੈ। ਹੁਣ ਬਿਨਾਂ ਜਾਗਣ ਅਤੇ ਹੋਰਨਾਂ ਨੂੰ ਜਗਾਉਣ ਬਿਨਾਂ ਕੋਈ ਚਾਰਾ ਨਹੀਂ। ਕੀ ਸੋਚਦੇ ਓ ਪੰਜਾਬੀਓ?

ਬੁੱਧ ਸਿੰਘ ਨੀਲੋਂ
94643 70823

ਜਿੰਨੀ ਬੱਚਿਆਂ ਨੂੰ ਖਾਣੇ ਅਤੇ ਤਾਜ਼ੀ ਹਵਾ ਦੀ ਲੋੜ ਹੈ ਉਨੀ ਖੇਡ ਦੀ ਵੀ ਲੋੜ ਹੈ

ਬੱਚਿਆਂ ਨੂੰ ਕਲਾ ਤੇ ਕਹਾਣੀਆਂ, ਕਵਿਤਾਵਾਂ ਤੇ ਸੰਗੀਤ ਦੀ ਓਨੀ ਹੀ ਲੋੜ ਹੁੰਦੀ ਹੈ ਜਿੰਨੀ ਕਿ ਪਿਆਰ ਅਤੇ ਖਾਣੇ, ਤਾਜ਼ੀ ਹਵਾ ਅਤੇ ਖੇਡ ਦੀ। ਜੇ ਤੁਸੀਂ ਕਿਸੇ ਬੱਚੇ ਨੂੰ ਚੰਗਾ ਖਾਣਾ ਨਾ ਦਿਓ ਤਾਂ ਬਹੁਤ ਛੇਤੀ ਇਸ ਦੇ ਬੁਰੇ ਪ੍ਰਭਾਵ ਦਿਖਣ ਲੱਗਦੇ ਹਨ। ਜੇ ਤੁਸੀਂ ਬੱਚੇ ਨੂੰ ਤਾਜ਼ੀ ਹਵਾ ਤੇ ਖੇਡਣ ਤੋਂ ਵਾਂਝੇ ਰੱਖਦੇ ਹੋਂ ਤਾਂ ਵੀ ਇਸਦੇ ਨੁਕਸਾਨ ਦਿਖਣ ਲੱਗਦੇ ਹਨ, ਪਰ ਇੰਨੀ ਛੇਤੀ ਨਹੀਂ। ਜੇ ਕਿਸੇ ਬੱਚੇ ਨੂੰ ਪਿਆਰ ਨਾ ਮਿਲ਼ੇ, ਭਾਵੇਂ ਇਸ ਦਾ ਮਾੜਾ ਪ੍ਰਭਾਵ ਸਾਲਾਂ ਬੱਧੀ ਨਾ ਦਿਖੇ ਪਰ ਹਮੇਸ਼ਾਂ ਲਈ ਰਹਿੰਦਾ ਹੈ।

ਪਰ ਜੇ ਕਿਸੇ ਬੱਚੇ ਦ

ਸੰਸਾਰ ਵਿਆਪੀ ਰੂਪ ਲੈ ਰਿਹਾ ਹੈ :

ਔਰਤਾਂ ਵਿਚ ਛਾਤੀ ਦਾ ਕੈਂਸਰ

– ਸੁਖਮੰਦਰ ਸਿੰਘ ਤੂਰ

ਵਿਸ਼ਵ ਸਿਹਤ ਸੰਸਥਾ ਨੇ ਆਪਣੀ ਇਕ ਰਿਪੋਰਟ ਵਿਚ ਆਖਿਆ ਹੈ ਕਿ ਦੁਨੀਆ ਭਰ ਦੀਆਂ ਔਰਤਾਂ ਵਿਚ ਛਾਤੀ ਕੈਂਸਰ ਵਿਆਪਕ ਰੂਪ ਵਿਚ ਵਧਦਾ ਜਾ ਰਿਹਾ ਹੈ। ਰਿਪੋਰਟ ਦੇ ਅਨੁਸਾਰ ਹਰ ਸਾਲ ਸੰਸਾਰ ਭਰ ਵਿਚ 12 ਤੋਂ 15 ਲੱਖ ਔਰਤਾਂ ਇਸ ਰੋਗ ਦੀ ਮਾਰ ਹੇਠ ਆ ਰਹੀਆਂ ਹਨ। ਪੱਛਮੀ ਮੁਲਕਾਂ ਵਿਚ ਇਸ ਰੋਗ ਦਾ ਪ੍ਰਭਾਵ ਕੁਝ ਜ਼ਿਆਦਾ ਹੈ। ਇੱਥੇ 7 ਤੋਂ 9 ਫੀਸਦੀ ਔਰਤਾਂ ਛਾਤੀ ਕੈਂਸਰ ਤੋਂ ਪੀੜਤ ਹਨ। ਇਕ ਸਰਵੇਖਣ ਦੇ ਅਨੁਸਾਰ ਭਾਰਤੀ ਔਰਤਾਂ 'ਤੇ ਵੀ ਇਹ ਰੋਗ ਵਿਆਪਕ ਕਹਿਰ ਢਾਹ ਰਿਹਾ ਹੈ। ਜਾਪਾਨ ਅਤੇ ਸਾਬਕਾ ਸੋਵੀਅਤ ਗਣਰਾਜਾਂ ਵਿਚ ਔਰਤਾਂ ਵਿਚ ਛਾਤੀ ਕੈਂਸਰ ਦੀ ਦਰ ਬਹੁਤ ਘੱਟ ਹੈ, ਕਿਉਂਕਿ ਇੱਥੋਂ ਦੀਆਂ ਔਰਤਾਂ ਆਪਣੀ ਸਿਹਤ ਪ੍ਰਤੀ ਪੂਰੀ ਤਰ੍ਹਾਂ ਸੁਚੇਤ ਹਨ।

ਸਿਹਤ ਵਿਗਿਆਨੀਆਂ ਅਨੁਸਾਰ ਇਹ ਰੋਗ ਕਿਸੇ ਵੀ ਉਮਰ ਦੀ ਔਰਤ ਨੂੰ ਹੋ ਸਕਦਾ ਹੈ, ਪਰ 40 ਤੋਂ 50 ਸਾਲ ਦੀ ਉਮਰ ਦੀਆਂ ਔਰਤਾਂ ਵਿਚ ਇਸ ਰੋਗ ਦੇ ਹੋਣ ਦੀ ਸੰਭਾਵਨਾ ਕੁਝ ਜ਼ਿਆਦਾ ਹੁੰਦੀ ਹੈ। ਔਰਤ ਦੀ ਛਾਤੀ ਇਕ ਜਟਲ ਗ੍ਰੰਥੀ ਹੈ, ਜਿਸ ਦਾ ਕੰਮ ਨਵਜੰਮੇ ਬੱਚੇ ਨੂੰ ਦੁੱਧ ਮੁਹੱਈਆ ਕਰਵਾਉਣਾ ਹੁੰਦਾ ਹੈ। ਅਤਿ ਸੰਵੇਦਨਸ਼ੀਲ ਅੰਗ ਹੋਣ ਤੋਂ ਇਲਾਵਾ ਔਰਤ ਦੀ ਛਾਤੀ ਸੁੰਦਰਤਾ ਅਤੇ ਆਕਰਸ਼ਣ ਦਾ ਪ੍ਰਮੁੱਖ ਕੇਂਦਰ ਬਿੰਦੂ ਵੀ ਹੈ।

ਵੱਖ – ਵੱਖ ਖੋਜ ਕੇਂਦਰਾਂ ਤੋਂ ਜੋ ਕਾਰਨ ਸਾਹਮਣੇ ਆਏ ਹਨ ਉਨ੍ਹਾਂ 'ਚੋਂ ਗਰਭਪਾਤ, ਬੱਚੇ ਨੂੰ ਆਪਣਾ ਦੁੱਧ ਨਾ ਚੁੰਘਾਉਣਾ ਛਾਤੀ ਪ੍ਰਤੀ ਅਣਗਹਿਲੀ ਵਰਤਣਾ, ਛੋਟੀ ਉਮਰ ਵਿਚ ਮਾਂ ਬਣਨਾ, ਕਈ ਸਾਲਾਂ ਬਾਅਦ ਪਹਿਲੇ ਬੱਚੇ ਨੂੰ ਜਨਮ ਦੇਣਾ, ਸ਼ਰਾਬ,ਤੰਬਾਕੂ ਯੁਕਤ ਅਤੇ ਹੋਰ ਨਸ਼ੀਲੇ ਪਦਾਰਥਾਂ ਦੀ ਅੰਧਾਧੁੰਦ ਵਰਤੋਂ ਕਰਨਾ ਆਦਿ ਪ੍ਰਮੁੱਖ ਹਨ।

ਆਧੁਨਿਕ ਖੋਜਾਂ ਨੇ ਇਹ ਵੀ ਸਿੱਧ ਕਰ ਦਿੱਤਾ ਹੈ ਕਿ ਤੰਗ ਚੋਲੀ ਵੀ ਛਾਤੀ ਕੈਂਸਰ ਦਾ ਕਾਰਨ ਬਣ ਸਕਦੀ ਹੈ। ਇਹ ਸੁੰਦਰਤਾ ਨੂੰ ਚਾਹੇ ਚਾਰ ਚੰਦ ਲਗਾ ਦਿੰਦੀ ਹੈ, ਪਰ ਛਾਤੀ ਦੇ ਸੁਭਾਵਿਕ ਫੈਲਾਅ ਵਿਚ ਰੁਕਾਵਟ ਪੈਦਾ ਕਰਕੇ ਛਾਤੀ ਵਿਚ ਗੰਢਾਂ ਦਾ ਕਾਰਨ ਬਣ ਸਕਦੀ ਹੈ। ਇਸ ਦੇ ਨਿਰੰਤਰ ਉਪਯੋਗ ਨਾਲ ਛਾਤੀ ਵਿਚ ਗੰਢਾਂ ਬਣ ਜਾਂਦੀਆਂ ਹਨ। ਇਨ੍ਹਾਂ ਵਿਚੋਂ ਕੁਝ ਗੰਢਾਂ ਅਜਿਹੀਆਂ ਵੀ ਹੋ ਜਾਂਦੀਆਂ, ਜਿਹੜੀਆਂ ਛੇ ਮਹੀਨੇ, ਸਾਲ ਜਾਂ ਡੇਢ ਸਾਲ ਬਾਅਦ ਕੈਂਸਰ ਦਾ ਰੂਪ ਧਾਰਨ ਕਰ ਸਕਦੀਆਂ ਹਨ। ਇਨ੍ਹਾਂ ਵਿਚੋਂ ਸਾਰੀਆਂ ਗੰਢਾਂ ਨੂੰ ਇਸ ਰੋਗ ਨਾਲ ਨਹੀਂ ਜੋੜਿਆ ਜਾ ਸਕਦਾ, ਪਰ ਇਹ ਇਸ ਰੋਗ ਦੀ ਸ਼ੁਰੂਆਤੀ ਚੇਤਾਵਨੀ ਦੇ ਸੰਕੇਤ ਹਨ।

ਰੂਸ ਵਿਚ ਮਾਹਿਰਾਂ ਨੇ ਜਵਾਨ ਹੋ ਰਹੀਆਂ ਔਰਤਾਂ ਨੂੰ ਸਾਵਧਾਨ ਕਰਦਿਆਂ ਕਿਹਾ ਹੈ ਕਿ ਉਹ ਚੋਲੀ ਪਹਿਣਨ ਵਿਚ ਕਦੀ ਕਾਹਲ ਨਾ ਕਰਨ। ਮਾਹਿਰਾਂ ਅਨੁਸਾਰ ਛਾਤੀ ਦੇ ਵਿਕਾਸ ਲੋੜੀਂਦੇ ਸਮੇਂ ਤੋਂ ਪਹਿਲਾਂ ਪਹਿਨੀ ਜਾਣ ਵਾਲੀ ਚੋਲੀ ਨਾ ਸਿਰਫ ਛਾਤੀ ਦੇ ਕੈਂਸਰ ਦਾ ਕਾਰਨ ਬਣ ਸਕਦੀ ਹੈ, ਸਗੋਂ ਇਸ ਨਾਲ ਭਵਿੱਖ ਵਿਚ ਛਾਤੀ ਦੀ ਦੁੱਧ ਨਿਰਮਾਣ ਕਿਰਿਆ ਉਪਰ ਵੀ ਬੁਰਾ ਪ੍ਰਭਾਵ ਪੈਂਦਾ ਹੈ।

ਸ਼ੁਰੂਆਤੀ ਲੱਛਣ :

*ਛਾਤੀ ਆਦਿ ਵਿਚ ਕਿਸੇ ਤਰ੍ਹਾਂ ਦੀ ਗੰਢ ਦਾ ਹੋਣਾ ਜਾਂ ਪਹਿਲਾਂ ਕਿਸੇ ਪ੍ਰਕਾਰ ਦੀ ਕੋਈ ਗੰਢ ਸੀ।

* ਦੋਹਾਂ ਛਾਤੀਆਂ ਵਿਚ ਫਰਕ ਮਹਿਸੂਸ ਹੋਣਾ।
* ਛਾਤੀ ਦਾ ਅੰਦਰ ਨੂੰ ਧਸਣਾ ਜਾਂ ਸੁੰਗੜਣਾ।
* ਛਾਤੀ 'ਤੇ ਕਿਸੇ ਕਿਸਮ ਦਾ ਚਟਾਕ ਜਾਂ ਜ਼ਖਮ ਦਾ ਹੋ ਜਾਣਾ।
* ਪ੍ਰਭਾਵਿਤ ਛਾਤੀ ਦੀ ਨਿਪਲ.'ਚੋਂ ਗੜ੍ਹਾ ਤਰਲ ਪਦਾਰਥ ਦਾ ਵਗਣਾ ਅਤੇ ਛਾਤੀ 'ਚ ਭਾਰੀਪਨ /ਕਸਾਅ ਆਦਿ ਮਹਿਸੂਸ ਹੋਣਾ।.
* ਸਾਧਾਰਨ ਆਦਤਾਂ ਵਿਚ ਤਬਦੀਲੀ ਮਹਿਸੂਸ ਕਰਨਾ।

ਜੇਕਰ ਉਪਰੋਕਤ ਲੱਛਣਾਂ.'ਚੋਂ ਕੋਈ ਵੀ ਇੱਕ ਲੱਛਣ ਨਜ਼ਰ ਆਉਂਦਾ ਹੈ ਤਾਂ ਪੀੜਤ ਔਰਤ ਨੂੰ ਬਗੈਰ ਦੇਰੀ ਕਿਤੇ ਮਾਹਿਰ ਡਾਕਟਰ ਦੀ ਸਲਾਹ ਜ਼ਰੂਰ ਲੈਣੀ ਚਾਹੀਦੀ ਹੈ।

ਕੁੱਝ ਹੋਰ ਵਿਚਾਰਨਯੋਗ ਗੱਲਾਂ :

*. ਜਦੋਂ ਵੀ ਛਾਤੀ ਵਿਚ ਗੰਢ / ਗਿਲਟੀ ਆਦਿ ਦਾ ਅਹਿਸਾਸ ਹੋਵੇ ਤਾਂ ਉਸ ਨੂੰ ਉਸੇ ਤਰ੍ਹਾਂ ਹੀ ਰਹਿਣ ਦਿਓ ਅਤੇ ਨਾ ਹੀ ਛੇੜਛਾੜ ਕਰੋ।

* ਇਸ ਹਾਲਤ ਵਿੱਚ ਕਿਸੇ ਅਧੂਰੇ ਗਿਆਨ ਵਾਲੇ ਵਿਅਕਤੀ ਜਾਂ ਡਾਕਟਰ ਦੀ ਦਿੱਤੀ ਸਲਾਹ ਖਤਰਨਾਕ ਹੋ ਸਕਦੀ ਹੈ।
* ਕਈ ਵਾਰ ਛਾਤੀ ਦੀਆਂ ਗਿਲਟੀਆਂ ਜਾਂ ਗੰਢਾਂ ਦਾ ਮੋਟਾ ਹੋਣਾ ਕੈਂਸਰ ਨਹੀਂ ਹੁੰਦਾ, ਪਰ ਇਸ ਦੀ ਪਹਿਚਾਣ ਇਸ ਵਿਸ਼ੇ ਦਾ ਮਾਹਿਰ ਡਾਕਟਰ ਹੀ ਕਰ ਸਕਦਾ ਹੈ।
* ਇੰਡੀਅਨ ਕੈਂਸਰ ਸੁਸਾਇਟੀ ਵੱਲੋਂ ਚਲਾਏ ਜਾਣ ਵਾਲੇ ਕਿਸੇ ਵੀ ਕੇਂਦਰ ਵਿੱਚੋਂ ਸਾਲ ਵਿਚ ਇੱਕ ਵਾਰ ਉੱਥੇ ਜਾ ਕੇ ਜਾਂਚ ਜ਼ਰੂਰ ਕਰਵਾਓ।
* ਯਾਦ ਰਹੇ ਕਿ ਛਾਤੀ ਕੈਂਸਰ ਦਾ ਇਲਾਜ ਪੂਰੀ ਤਰ੍ਹਾਂ ਸੰਭਵ ਹੈ, ਜੇਕਰ ਇਸ ਦਾ ਸ਼ੁਰੂਆਤੀ ਦੌਰ ਵਿਚ ਪਤਾ ਲੱਗ ਜਾਵੇ। ਇਸ ਲਈ ਔਰਤ ਨੂੰ ਸਮੇਂ – ਸਮੇਂ ਆਪਣੀਆਂ ਛਾਤੀਆਂ ਦੀ ਜਾਂਚ ਕਰਵਾਉਂਦੇ ਰਹਿਣਾ ਚਾਹੀਦਾ ਹੈ। ਲਗਾਤਾਰ ਯੋਗ ਰਾਹੀਂ ਵੀ ਇਸ ਖਤਰੇ ਨੂੰ ਟਾਲਿਆ ਜਾ ਸਕਦਾ ਹੈ।

ਪੰਜਾਬ ਸਰਕਾਰ ਵੱਲੋਂ ਬਜ਼ੁਰਗਾਂ ਲਈ 'ਸਾਡੇ ਬਜ਼ੁਰਗ ਸਾਡਾ ਮਾਣ' ਮੁਹਿੰਮ ਦਾ 3 ਅਕਤੂਬਰ ਨੂੰ ਫਰੀਦਕੋਟ ਤੋਂ ਆਗਾਜ਼

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਬਜ਼ੁਰਗਾਂ ਦੇ ਅੰਤਰ ਰਾਸ਼ਟਰੀ ਦਿਵਸ ਦੇ ਦਿਹਾੜੇ ਨੂੰ ਸਮਰਪਿਤ "ਸਾਡੇ ਬਜ਼ੁਰਗ ਸਾਡਾ ਮਾਣ" ਮੁਹਿੰਮ ਸ਼ੁਰੂ ਕਰਨ ਦਾ ਇੱਕ ਨਵੇਕਲਾ ਉਪਰਾਲਾ ਕੀਤਾ ਹੈ। ਇਸ ਮੁਹਿੰਮ ਦੀ ਸ਼ੁਰੂਆਤ ਜ਼ਿਲ੍ਹਾ ਫਰੀਦਕੋਟ ਤੋਂ 3 ਅਕਤੂਬਰ ਨੂੰ ਕੀਤੀ ਜਾਵੇਗੀ। ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਬਤੌਰ ਮੁੱਖ ਮਹਿਮਾਨ ਇਸ ਸਮਾਗਮ 'ਚ ਸ਼ਿਰਕਤ ਕਰਨਗੇ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਬਜ਼ੁਰਗਾਂ ਦੀ ਭਲਾਈ ਲਈ ਸੂਬੇ ਵਿੱਚ "ਸਾਡੇ ਬਜ਼ੁਰਗ ਸਾਡਾ ਮਾਣ" ਮੁਹਿੰਮ ਸ਼ੁਰੂ ਕੀਤੀ ਜਾ ਰਹੀ ਹੈ, ਜਿਸ ਦੇ ਤਹਿਤ ਹਰ ਜ਼ਿਲ੍ਹਾ ਪੱਧਰ 'ਤੇ ਸਿਹਤ ਕੈਂਪ ਲਗਾਏ ਜਾਣਗੇ, ਜਿਥੇ ਬਜ਼ੁਰਗਾਂ ਨੂੰ ਪੂਰੀ ਜਰੀਏਟ੍ਰਿਕ (ਬੁਢਾਪੇ ਨਾਲ ਸਬੰਧਿਤ ਬਿਮਾਰੀਆਂ) ਜਾਂਚ, ਈ.ਐਨ.ਟੀ (ਕੰਨ ਨੱਕ ਗਲਾ) ਦੀ ਜਾਂਚ, ਅੱਖਾਂ ਦੀ ਜਾਂਚ, ਐਨਕਾਂ ਦੀ ਵੰਡ, ਅੱਖਾਂ ਦੀ ਸਰਜਰੀ ਦੀਆਂ ਮੁਫ਼ਤ ਸੇਵਾਵਾਂ ਦਿੱਤੀਆਂ ਜਾਣਗੀਆਂ। ਇਸ ਮੌਕੇ ਬਜ਼ੁਰਗਾਂ ਨੂੰ ਮੁਫ਼ਤ ਦਵਾਈਆਂ ਵੀ ਦਿੱਤੀਆਂ ਜਾਣਗੀਆਂ। ਇਸ ਤੋਂ ਇਲਾਵਾ ਬਜ਼ੁਰਗ ਵਿਅਕਤੀਆਂ ਦੇ ਸੀਨੀਅਰ ਸਿਟੀਜ਼ਨ ਕਾਰਡ ਬਣਾਏ ਜਾਣਗੇ ਅਤੇ ਬੁਢਾਪਾ ਪੈਨਸ਼ਨ ਦੇ ਫਾਰਮ ਵੀ ਭਰੇ ਜਾਣਗੇ।

ਡਾ. ਬਲਜੀਤ ਕੌਰ ਨੇ ਲੋੜਵੰਦ ਬਜ਼ੁਰਗਾਂ ਨੂੰ ਇਸ ਮੌਕੇ ਦਾ ਲਾਭ ਪ੍ਰਾਪਤ ਕਰਨ ਲਈ ਸਮਾਗਮ ਵਿੱਚ ਪਹੁੰਚਣ ਦੀ ਅਪੀਲ ਕੀਤੀ।

ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਵਿਭਾਗ ਦੇ ਐਡੀਸ਼ਨਲ ਡਾਇਰੈਕਟਰ ਸ੍ਰੀ ਚਰਨਜੀਤ ਸਿੰਘ ਨੇ ਦੱਸਿਆ ਕਿ ਸਮੂਹ ਜ਼ਿਲ੍ਹਿਆਂ ਵਿੱਚ ਕ੍ਰਮਵਾਰ 3 ਅਕਤੂਬਰ ਨੂੰ ਫਰੀਦਕੋਟ, 5 ਅਕਤੂਬਰ ਨੂੰ ਮੋਗਾ, 9 ਅਕਤੂਬਰ ਨੂੰ ਲੁਧਿਆਣਾ, 11 ਅਕਤੂਬਰ ਨੂੰ ਮੁਕਤਸਰ ਸਾਹਿਬ, 13 ਅਕਤੂਬਰ ਨੂੰ ਫਿਰੋਜਪੁਰ, 16 ਅਕਤੂਬਰ ਨੂੰ ਫਾਜ਼ਿਲਕਾ, 18 ਅਕਤੂਬਰ ਨੂੰ ਬਠਿੰਡਾ, 20 ਅਕਤੂਬਰ ਨੂੰ ਮਾਨਸਾ, 23 ਅਕਤੂਬਰ ਨੂੰ ਸੰਗਰੂਰ, 25 ਅਕਤੂਬਰ ਨੂੰ ਮਾਲੇਰਕੋਟਲਾ, 27 ਅਕਤੂਬਰ ਨੂੰ ਬਰਨਾਲਾ, 30 ਅਕਤੂਬਰ ਨੂੰ ਪਠਾਨਕੋਟ, 1 ਨਵੰਬਰ ਨੂੰ ਗੁਰਦਾਸਪੁਰ,3 ਨਵੰਬਰ ਅਮ੍ਰਿੰਤਸਰ, 6 ਨਵੰਬਰ ਤਰਨਤਾਰਨ, 8 ਨਵੰਬਰ ਨੂੰ ਜਲੰਧਰ, 10 ਨਵੰਬਰ ਨੂੰ ਐਸ.ਬੀ.ਐਸ ਨਗਰ, 13 ਨਵੰਬਰ ਨੂੰ ਹੁਸ਼ਿਆਰਪੁਰ , 15 ਨਵੰਬਰ ਨੂੰ ਕਪੂਰਥਲਾ, 17 ਨਵੰਬਰ ਨੂੰ ਐਸ.ਏ.ਐਸ ਨਗਰ, 20 ਨਵੰਬਰ ਨੂੰ ਪਟਿਆਲਾ, 22 ਨਵੰਬਰ ਨੂੰ ਰੂਪਨਗਰ ਅਤੇ 24 ਨਵੰਬਰ ਨੂੰ ਫਤਹਿਗੜ੍ਹ ਸਾਹਿਬ ਵਿਖੇ ਕੈਂਪਾਂ ਦਾ ਆਯੋਜਨ ਕੀਤਾ ਜਾਵੇਗਾ।

ਅੰਦਰੂਨੀ ਜੋਸ਼ ਲਈ ਖਾਓ - ਖਜੂਰ



"ਅੰਦਰੂਨੀ ਤਾਕਤ 'ਤੇ ਜੋਸ਼ ਬਰਕਰਾਰ ਰੱਖਣ ਲਈ ਠੰਢੇ ਮੌਸਮ 'ਚ ਸੁਆਦੀ ਫੱਲ ਖਜੂਰ ਗਰਮ ਦੁੱਧ ਨਾਲ ਲੈ ਸਕਦੇ ਹੋ। ਪੁਰਾਣੇ ਰੋਗਾਂ ਨਾਲ ਪੀੜਤ ਲੋਕ ਆਪਣੇ ਡਾਕਟਰ ਦੀ ਸਲਾਹ ਨਾਲ ਇਸਤੇਮਾਲ ਕਰਨ"– ਅਨਿਲ ਧੀਰ. ਕਾਲਮਨਿਸਟ, ਥੈਰਾਪਿਸਟ, ਹੈਲਥ, ਐਜੂਕੇਟਰ ਅਵਾਰਡ ਵਿਜੇਤਾ. ਸੋਸ਼ਲ ਐਕਟੀਵਿਸਟ



Anil Dheer
Columnist. Alternative Therapist, Social Activist. Health Educator Award winner; Certified in: GNT Diseases 2023 (W.H.O) Air Pollution n Health 2023 (W.H.O) Monkey-pox Virus: Health Emergencies programme (W.H.O) PHR-UNICEF Covid Variants-Vaccine-specific resources & IPC (W.H.O)

ਹੈਲਥ ਮੀਡੀਆ ਕੇਨੈਡਾ: ਸਰੀਰ 'ਤੇ ਮਨ ਦੇ ਰੋਗਾਂ ਨਾਲ ਲੜਨ ਦੀ ਤਾਕਤ ਵਧਾਉਣ ਲਈ ਠੰਢੇ ਮੌਸਮ ਦਾ ਫੱਲ ਖਜੂਰ ਖਾਣ ਦਾ ਸਮਾਂ ਆ ਗਿਆ ਹੈ। ਵਿਸ਼ਵ ਭਰ ਵਿਚ ਠੰਡ ਦੇ ਮੌਸਮ ਵਿੱਚ ਸ਼ਰੀਰ ਅੰਦਰ ਗਰਮੀ ਮਹਿਸੂਸ ਕਰਨ ਲਈ ਸੁਆਦੀ ਫਲ ਖਜੂਰ ਦੀ ਆਪਣੀ ਹੀ ਮਹੱਤਾ ਹੈ। ਹਜ਼ਾਰਾਂ ਸਾਲਾਂ ਤੋਂ ਮੱਧ ਪੂਰਬ ਅਤੇ ਸਿੰਧ ਘਾਟੀ ਵਿਚ ਖਜੂਰ ਭੋਜਨ ਦਾ ਖਾਸ ਹਿੱਸਾ ਰਹੀ ਹੈ। ਮੱਧ ਪੂਰਬ 'ਤੇ ਉੱਤਰੀ ਅਫਰੀਕਾ ਦੇ ਦੇਸ਼ ਮੁੱਖ ਉਤਪਾਦਕ ਰਹੇ ਹਨ। ਸਲਾਨਾ ਵਿਸ਼ਵ ਉਤਪਾਦਨ 8.5 ਮਿਲੀਅਨ ਮੀਟ੍ਰਿਕ ਦੇ ਬਰਾਬਰ ਹੈ। ਇਰਾਕ, ਈਰਾਨ, ਅਰਬ, ਉੱਤਰੀ ਅਫਰੀਕਾ ਪੱਛਮ ਤੋਂ ਮੋਰਾਕੋ ਤੱਕ ਅਤੇ ਖਜੂਰ ਮੇਡਜੂਲ, ਡੇਗਲਟ ਨੂਰ ਅਮਰੀਕਾ ਤੇ ਦੱਖਣੀ ਕੈਲੀਫੋਰਨੀਆ, ਐਰੀਜ਼ੋਨਾ, ਦੱਖਣੀ ਫਲੋਰਿਡਾ ਵਿਚ ਅਤੇ ਮੈਕਸੀਕੋ ਵਿਚ ਸਨੋਰਾ ਤੇ ਬਾਜਾ ਕੈਲੀਫੋਰਨੀਆ ਵਿਚ ਕਾਸ਼ਤ ਜਾ ਰਹੀ ਹੈ। ਇਸਦਾ ਇਸਤੇਮਾਲ ਘਰੇਲੂ ਰਸੋਈ, ਮਿਠਾਈਆਂ ਤੇ ਬੇਕਰੀ ਪ੍ਰਾਡਕਟਸ ਵਿੱਚ ਕੀਤਾ ਜਾ ਰਿਹਾ ਹੈ।

100 ਗ੍ਰਾਮ ਫੱਲ ਖਜੂਰ ਵਿਚ ਕੈਲੋਰੀਜ਼–277, ਕਾਰਬਜ਼–75 ਗ੍ਰਾਮ, ਫਾਈਬਰ–7 ਗ੍ਰਾਮ, ਪ੍ਰੋਟੀਨ–2 ਗ੍ਰਾਮ, ਪੋਟਾਸ਼ਿਅਮ–20%, ਮੈਗਨੀਸ਼ੀਅਮ–14%, ਕੌਪਰ–18%, ਮੈਂਗਨੀਜ਼–15%, ਆਇਰਨ–5% ਅਤੇ ਵਿਟਾਮਿਨ ਬੀ–6 12%, ਬੋਰਾਨ, ਕੋਬਾਲਟ, ਫਲੋਰਾਈਨ, ਸੇਲੇਨੀਅਮ, ਜ਼ਿੰਕ ਵਗੈਰਾ ਮਿਲਦਾ ਹੈ। ਖਜੂਰ ਅੰਦਰ ਐਂਟੀ–ਆਕਸੀਡੈਂਟ, ਯਾਨਿ ਜੋ ਆਕਸੀਕਰਨ ਦੀ ਪ੍ਰਕਿਰਿਆ ਰੋਕ ਕੇ ਸਰੀਰ ਅੰਦਰ ਸੈੱਲਾਂ ਨੂੰ ਸੇਫ ਕਰਕੇ ਖਤਰਨਾਕ ਰੇਡੀਕਲਸ ਨੂੰ ਘੱਟ ਕਰਦਾ ਹੈ।

ਸਰੀਰਕ 'ਤੇ ਮਾਨਸਿਕ ਕਮਜੋਰੀ ਦੂਰ ਕਰਨ ਲਈ ਬੱਚੇ, ਔਰਤਾਂ, ਨੌਜਵਾਨ ਤੇ ਸੀਨਿਅਰਜ ਤੰਦਰੁਸਤੀ ਲਈ ਇਸਦਾ ਫਾਇਦਾ ਲੈ ਸਕਦੇ ਹਨ। ਖਜੂਰ ਅੰਦਰ ਮੌਜੂਦ ਤੱਤ ਇਮੀਊਨਿਟੀ ਦੇ ਨਾਲ ਸ਼ਰੀਰਕ ਤੇ ਮਾਨਸਿਕ ਤਾਕਤ ਦਿਦੇ ਹਨ।

* ਸ਼ਾਦੀ–ਸ਼ੁਦਾ ਜੋੜਿਆਂ ਦੀ ਆਮ ਸਮੱਸਿਆ ਬਾਂਝਪਨ, ਜਿਸਦਾ ਕਾਰਨ ਤੰਬਾਕੂਨੋਸ਼ੀ, ਅਲਕੋਹਲ ਦਾ ਵੱਧ ਸੇਵਨ, ਰੇਡੀਏਸ਼ਨ ਦੇ ਵੱਧ ਐਕਸਪੋਜਰ ਵਗੈਰਾ ਮਨਿਆ ਜਾ ਰਿਹਾ ਹੈ। ਤੰਦਰੁਸਤ ਬੱਚੇ ਲਈ ਔਰਤ–ਮਰਦ ਰੋਜਾਨਾਂ 5–5 ਦਾਨੇ ਗਰਮ ਦੁੱਧ ਨਾਲ ਇਸਤੇਮਾਲ ਕਰ ਸਕਦੇ ਹਨ।
* ਖਜੂਰ ਅੰਦਰ ਮੌਜੂਦ ਤੱਤ ਬੀਟਾ ਡੀ–ਗਲੂਕਨ ਖਤਰਨਾਕ ਬਿਮਾਰੀ ਕੈਂਸਰ ਵਿਚ ਸਰੀਰ ਅੰਦਰ ਟਿਊਮਰ ਦੇ ਵੱਧਣ ਦੀ ਪ੍ਰਕਿਰਿਆ ਨੂੰ ਘੱਟ ਕਰਦਾ ਹੈ।
* ਕਮਜ਼ੋਰੀ ਕਾਰਨ ਚੱਕਰ ਆਓਣ ਦੀ ਹਾਲਤ ਵਿੱਚ ਸਰਦੀ ਦੇ ਮੌਸਮ ਵਿੱਚ 5–7 ਬਿਨਾਂ ਗੁਠਲੀ ਖਜੂਰ ਦੇ ਦਾਨੇ ਦੁੱਧ ਵਿੱਚ ਉਬਾਲ ਕੇ ਜਾਂ ਗਰਮ ਦੁੱਧ ਨਾਲ ਲਗਾਤਾਰ ਸੇਵਨ ਕਰੋ।
* ਕਬਜ਼ ਦੀ ਹਾਲਤ ਵਿੱਚ ਰਾਤ ਨੂੰ ਸੌਣ ਵੇਲੇ ਬਿਨਾ ਗੁਠਲੀ ਖਜੂਰ ਦੇ 6 ਦਾਨੇ 1 ਕੱਪ ਪਾਣੀ ਵਿੱਚ ਰਾਤ ਭਰ ਭੇਂ ਕੇ ਰੱਖੋ। ਸਵੇਰੇ ਹਾਗਦੇ ਹੀ ਬਿਨਾ ਬ੍ਰਸ਼ ਕੀਤੇ ਇਹ ਪਾਣੀ ਪੀਣ ਤੇ ਨਾਲ ਚਮਚੇ ਨਾਲ ਖਜੂਰ ਦੇ ਦਾਨੇ ਵੀ ਖਾ ਲੈਣ ਨਾਲ ਰਾਹਤ ਮਿਲਦੀ ਹੈ।
* ਪਿੱਠ ਦਰਦ ਦੀ ਹਾਲਤ ਵਿੱਚ 1 ਕੱਪ ਪਾਣੀ ਵਿੱਚ 5 ਦਾਨੇ ਬਿਨਾ ਗੁਠਲੀ ਖਜੂਰ ਦੇ, 1 ਚਮਚ ਮੇਥੀ ਪਾਊਡਰ ਮਿਕਸ ਕਰਕੇ ਉਬਾਲੋ। ਪਾਣੀ ਅੱਧਾ ਰਹਿ ਜਾਣ ਤੇ ਕੁਨਕੁਨਾ ਕਰਕੇ ਸਵੇਰੇ ਸ਼ਾਮ ਲਗਾਤਾਰ ਪੀਓ।
* ਕਮਜ਼ੋਰ ਪਾਚਨ ਸ਼ਕਤੀ ਵਾਲੇ ਅੱਧਾ ਚਮਚ ਅਜਵੈਨ 1 ਕੱਪ ਪਾਣੀ ਵਿੱਚ ਉਬਾਲੋ। ਇਸ ਪਾਣੀ ਦੇ ਨਾਲ ਸਵੇਰੇ ਸ਼ਾਮ 3–4 ਦਾਨੇ ਖਜੂਰ ਦੇ ਸੇਵਨ ਕਰੋ।
* ਗਠਿਆ ਤੋਂ ਪ੍ਰੇਸ਼ਾਨ ਬਿਨਾ ਗੁਠਲੀ 5 ਦਾਨੇ ਖਜੂਰ ਦੇ ਅੱਧਾ ਚਮਚ ਗਰਮ ਦੇਸੀ ਘਿਓ ਵਿੱਚ ਮਿਕਸ ਕਰਕੇ ਸੁਆਦ ਮੁਤਾਬਕ ਨਮਕ ਮਿਕਸ ਕਰਕੇ ਸਵੇਰੇ ਸ਼ਾਮ ਲਗਾਤਾਰ ਸਿਤੇਮਾਲ ਕਰੋ।
* ਚਲ ਰਹੀ ਖੋਜ ਅਨੁਸਾਰ ਖਜੂਰ ਸਰੀਰ ਅੰਦਰ ਇਨਸੁਲਿਨ ਦੇ ਉਤਪਾਦਨ ਨੂੰ ਵਧਾਉਂਦੀ ਹੈ ਜੋ ਗਲੂਕੋਜ਼ ਦੇ ਲੈਵਲ ਨੂੰ ਘੱਟ ਕਰਨ ਵਿਚ ਮਦਦ ਕਰ ਸਕਦੀ ਹੈ।
* ਫੱਲ ਖਜੂਰ ਡਾਇਬਟੀਜ਼ ਦੀਆਂ ਮੌਜੂਦ ਸਿੰਥੈਟਿਕ ਦਵਾਈਆਂ ਦਾ ਬਦਲ ਬਣ ਸਕਦਾ ਹੈ।
* ਝੱੜਦੇ ਵਾਲਾਂ ਨੂੰ ਰੋਕਣ ਲਈ ਖਜੂਰ ਅੰਦਰ ਮੌਜੂਦ ਤੱਤਾਂ 'ਤੇ ਰਿਸਰਚ ਕੀਤੀ ਜਾ ਰਹੀ ਹੈ। ਖਜੂਰ ਵਿਚ ਮੌਜੂਦ ਆ

ਪੰਜਾਬ ਸਟਾਰ
www.punjabstar.com

ਸਰਦੀਆਂ 'ਚ ਰੋਜ਼ਾਨਾ ਦਹੀਂ ਖਾਣ ਨਾਲ ਮਿਲਦੇ ਹਨ ਸ਼ਾਨਦਾਰ ਫਾਇਦੇ

ਸਰਦੀਆਂ ਦਾ ਮੌਸਮ ਸ਼ੁਰੂ ਹੋ ਗਿਆ ਹੈ। ਠੰਢੇ ਦਿਨਾਂ ਵਿੱਚ ਖਾਣ ਲਈ ਬਹੁਤ ਸਾਰੇ ਆਪਸ਼ਨ ਉਪਲਬਧ ਹਨ। ਹਾਲਾਂਕਿ ਬਹੁਤ ਸਾਰੀਆਂ ਚੀਜ਼ਾਂ ਹਨ ਜਿਨ੍ਹਾਂ ਤੋਂ ਬਚਣਾ ਚਾਹੀਦਾ ਹੈ। ਅਜਿਹੀਆਂ ਚੀਜ਼ਾਂ ਵਿੱਚ ਦਹੀਂ ਵੀ ਸ਼ਾਮਿਲ ਹੈ। ਦਹੀਂ ਦਾ ਠੰਢਾ ਪ੍ਰਭਾਵ ਹੁੰਦਾ ਹੈ। ਇਸੇ ਲਈ ਲੋਕਾਂ ਦਾ ਮੰਨਣਾ ਹੈ ਕਿ ਇਸ ਨੂੰ ਖਾਣ ਨਾਲ ਸਰੀਰ ਨੂੰ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਹੋ ਸਕਦੀਆਂ ਹਨ।

ਪਰ ਇਹ ਪੂਰੀ ਤਰ੍ਹਾਂ ਸੱਚ ਨਹੀਂ ਹੈ। ਸਰਦੀਆਂ ਵਿੱਚ ਦਹੀਂ ਖਾਣ ਨਾਲ ਸਿਹਤ ਲਈ ਕਈ ਫਾਇਦੇ ਹੁੰਦੇ ਹਨ। ਸਰਦੀਆਂ ਵਿੱਚ ਦਹੀਂ ਖਾਣ ਨਾਲ ਇਮਿਊਨਿਟੀ ਵਧਦੀ ਹੈ। ਆਓ ਜਾਣਦੇ ਹਾਂ ਸਰਦੀਆਂ ਵਿੱਚ ਦਹੀਂ ਖਾਣ ਦੇ ਫਾਇਦਿਆਂ ਬਾਰੇ-

ਹੱਡੀਆਂ ਹੋਣਗੀਆਂ ਮਜ਼ਬੂਤ

ਦਹੀਂ ਵਿੱਚ ਕੈਲਸ਼ੀਅਮ ਤੇ ਫਾਸਫੋਰਸ ਦੀ ਚੰਗੀ ਮਾਤਰਾ ਪਾਈ ਜਾਂਦੀ ਹੈ। ਇਸ ਨਾਲ ਹੱਡੀਆਂ ਅਤੇ ਦੰਦ ਮਜ਼ਬੂਤ ਹੁੰਦੇ ਹਨ। ਰੋਜ਼ਾਨਾ ਦਹੀਂ ਖਾਣ ਨਾਲ ਓਸਟੀਓਪੋਰੋਸਿਸ ਵਰਗੀਆਂ ਬਿਮਾਰੀਆਂ ਦਾ ਖਤਰਾ ਘੱਟ ਹੋ ਜਾਂਦਾ ਹੈ।

ਪਾਚਨ ਵਿੱਚ ਸੁਧਾਰ

ਦਹੀਂ ਵਿੱਚ ਪ੍ਰੋਬਾਇਓਟਿਕਸ ਵਰਗੇ ਚੰਗੇ ਬੈਕਟੀਰੀਆ ਪਾਏ ਜਾਂਦੇ ਹਨ, ਜੋ ਪਾਚਨ ਤੰਤਰ ਨੂੰ ਸੁਧਾਰਦੇ ਹਨ। ਇਹ ਬੈਕਟੀਰੀਆ ਅੰਤੜੀਆਂ ਵਿੱਚ ਚੰਗੇ ਬੈਕਟੀਰੀਆ ਦਾ ਸੰਤੁਲਨ ਬਣਾਈ ਰੱਖਦੇ ਹਨ ਅਤੇ ਕਬਜ਼, ਐਸੀਡਿਟੀ ਵਰਗੀਆਂ ਸਮੱਸਿਆਵਾਂ ਨੂੰ ਦੂਰ ਕਰਨ ਵਿੱਚ ਮਦਦ ਕਰਦੇ ਹਨ।

ਦਹੀਂ ਹੈ ਇਮਿਊਨਿਟੀ ਬੂਸਟਰ

ਦਹੀਂ ਵਿੱਚ ਮੌਜੂਦ ਪ੍ਰੋਬਾਇਓਟਿਕਸ ਅਤੇ ਵਿਟਾਮਿਨ ਇਮਿਊਨ ਸਿਸਟਮ ਨੂੰ ਮਜ਼ਬੂਤ ਕਰਦੇ ਹਨ। ਰੋਜ਼ਾਨਾ ਦਹੀਂ ਖਾਣ ਨਾਲ ਛੋਟੀਆਂ-ਮੋਟੀਆਂ ਬਿਮਾਰੀਆਂ ਦਾ ਖਤਰਾ ਘੱਟ ਹੋ ਜਾਂਦਾ ਹੈ। ਇਹ ਸਰੀਰ ਨੂੰ ਅੰਦਰੋਂ ਮਜ਼ਬੂਤ ਬਣਾਉਂਦਾ ਹੈ ਤੇ ਬਿਮਾਰੀਆਂ ਨਾਲ ਲੜਨ ਦੀ ਸਮਰੱਥਾ ਵਧਾਉਂਦਾ ਹੈ।

ਦਿਲ ਦੀ ਸਿਹਤ ਦਾ ਧਿਆਨ ਰੱਖੇ

ਦਹੀਂ ਸਾਡੇ ਦਿਲ ਨੂੰ ਸਿਹਤਮੰਦ ਰੱਖਣ ਵਿੱਚ ਮਦਦ ਕਰਦਾ ਹੈ। ਇਸ ਵਿੱਚ ਮੌਜੂਦ ਚੰਗੀ ਫੈਟ ਤੇ ਪ੍ਰੋਬਾਇਓਟਿਕਸ ਕੋਲੈਸਟ੍ਰੋਲ ਨੂੰ ਕੰਟਰੋਲ ਕਰਨ ਵਿੱਚ ਕਾਰਗਰ ਹਨ। ਇਸ ਨਾਲ ਹਾਰਟ ਅਟੈਕ ਅਤੇ ਸਟ੍ਰੋਕ ਵਰਗੀਆਂ ਸਮੱਸਿਆਵਾਂ ਦਾ ਖਤਰਾ ਘੱਟ ਹੋ ਜਾਂਦਾ ਹੈ।

ਭਾਰ ਘਟਾਉਣ ਵਿੱਚ ਮਦਦਗਾਰ

ਜੋ ਲੋਕ ਮੋਟਾਪੇ ਤੋਂ ਪੀੜਤ ਹਨ, ਉਨ੍ਹਾਂ ਨੂੰ ਦਹੀਂ ਦਾ ਸੇਵਨ ਕਰਨਾ ਚਾਹੀਦਾ ਹੈ। ਦਹੀਂ ਵਿੱਚ ਪ੍ਰੋਟੀਨ ਤੇ ਘੱਟ ਕੈਲੋਰੀ ਹੁੰਦੀ ਹੈ, ਜਿਸ ਨਾਲ ਤੁਸੀਂ ਲੰਬੇ ਸਮੇਂ ਤੱਕ ਪੇਟ ਭਰਿਆ ਮਹਿਸੂਸ ਕਰਦੇ ਹੋ। ਦਹੀਂ ਮੈਟਾਬੋਲਿਜ਼ਮ ਨੂੰ ਵੀ ਵਧਾਉਂਦਾ ਹੈ, ਜੋ ਭਾਰ ਘਟਾਉਣ ਵਿੱਚ ਮਦਦ ਕਰਦਾ ਹੈ।

ਤਣਾਅ ਤੋਂ ਰਾਹਤ ਮਿਲੇਗੀ

ਦਹੀਂ ਵਿੱਚ ਮੌਜੂਦ ਚੰਗੇ ਬੈਕਟੀਰੀਆ ਮਾਨਸਿਕ ਸਿਹਤ ਲਈ ਵੀ ਫਾਇਦੇਮੰਦ ਮੰਨੇ ਜਾਂਦੇ ਹਨ। ਇਹ ਤਣਾਅ ਅਤੇ ਉਦਾਸੀ ਨੂੰ ਘੱਟ ਕਰਨ ਵਿੱਚ ਮਦਦਗਾਰ ਹੋ ਸਕਦੇ ਹਨ।

ਇਸ ਤਰ੍ਹਾਂ ਦਹੀਂ ਨੂੰ ਆਪਣੀ ਡਾਈਟ 'ਚ ਸ਼ਾਮਲ ਕਰੋ

ਠੰਢ ਦੇ ਦਿਨਾਂ ਵਿਚ ਸਾਨੂੰ ਰਾਤ ਨੂੰ ਦਹੀਂ ਖਾਣ ਤੋਂ ਪਰਹੇਜ਼ ਕਰਨਾ ਚਾਹੀਦਾ ਹੈ। ਦੁਪਹਿਰ ਨੂੰ ਖਾਣਾ ਖਾਂਦੇ ਸਮੇਂ ਤੁਸੀਂ ਆਪਣੀ ਡਾਈਟ 'ਚ ਦਹੀਂ ਨੂੰ ਸ਼ਾਮਲ ਕਰ ਸਕਦੇ ਹੋ। ਤੁਸੀਂ ਸਾਦਾ ਦਹੀਂ ਜਾਂ ਰਾਇਤਾ ਬਣਾ ਕੇ ਵੀ ਖਾ ਸਕਦੇ ਹੋ। ਇਹ ਯਕੀਨੀ ਬਣਾਓ ਕਿ ਦਹੀਂ ਤਾਜ਼ੇ ਦੁੱਧ ਤੋਂ ਬਣਾਇਆ ਗਿਆ ਹੈ ਅਤੇ ਲੰਬੇ ਸਮੇਂ ਲਈ ਸਟੋਰ ਨਹੀਂ ਕੀਤਾ ਗਿਆ ਹੈ ਤਾਂ ਜੋ ਇਸ ਦੇ ਪੌਸ਼ਟਿਕ ਤੱਤ ਬਰਕਰਾਰ ਰਹਿਣ।

ਸਰਦੀਆਂ ਵਿੱਚ ਦਹੀਂ ਖਾਣ ਦੇ ਨੁਕਸਾਨ ਕੀ ਹੋ ਸਕਦੇ ਹਨ

ਸਾਹ ਨਾਲੀ ਦੀ ਲਾਗ ਦੀ ਸਮੱਸਿਆ ਵਧ ਸਕਦੀ ਹੈ।

ਸਰੀਰ ਵਿੱਚ ਸੋਜ ਹੋ ਸਕਦੀ ਹੈ।

ਜ਼ੁਕਾਮ ਅਤੇ ਖਾਂਸੀ ਦੀ ਸਮੱਸਿਆ ਹੋ ਸਕਦੀ ਹੈ।

ਡਿਸਕਲੇਮਰ: ਲੇਖ ਵਿੱਚ ਦੱਸੀ ਗਈ ਸਲਾਹ ਅਤੇ ਸੁਝਾਅ ਸਿਰਫ ਆਮ ਜਾਣਕਾਰੀ ਦੇ ਉਦੇਸ਼ਾਂ ਲਈ ਹਨ ਅਤੇ ਇਹਨਾਂ ਨੂੰ ਪੇਸ਼ੇਵਰ ਡਾਕਟਰੀ ਸਲਾਹ ਵਜੋਂ ਨਹੀਂ ਸਮਝਿਆ ਜਾਣਾ ਚਾਹੀਦਾ ਹੈ।

ਚਿੱਟੇ ਵਾਲਾਂ ਨੂੰ ਕਾਲਾ ਕਰ ਸਕਦਾ ਹੈ ਕਾਲੀ ਮਿਰਚ ਦਾ ਇਹ ਨੁਸਖ਼ਾ

ਪ੍ਰਦੂਸ਼ਣ, ਮਾੜੀ ਜੀਵਨਸ਼ੈਲੀ, ਅਤੇ ਡਾਈਟ ਵਿੱਚ ਪੌਸ਼ਟਿਕ ਤੱਤਾਂ ਦੀ ਕਮੀ ਵਰਗੇ ਕਾਰਕਾਂ ਕਰਕੇ ਨੌਜਵਾਨਾਂ ਵਿੱਚ ਵਾਲਾਂ ਦਾ ਸਮੇਂ ਤੋਂ ਪਹਿਲਾਂ ਸਫੇਦ ਹੋਣਾ ਚਿੰਤਾ ਦਾ ਵਿਸ਼ਾ ਹੈ। ਵੈਸੇ ਤਾਂ ਰਸਾਇਣਕ ਨਾਲ ਭਰੇ ਹੇਅਰ ਕਲਰ ਸਲੇਟੀ ਵਾਲਾਂ ਨੂੰ ਢੱਕ ਸਕਦੇ ਹਨ, ਪਰ ਉਹ ਅਕਸਰ ਸਕੈਲਪ ਅਤੇ ਵਾਲਾਂ ਨੂੰ ਨੁਕਸਾਨ ਪਹੁੰਚਾਉਂਦੇ ਹਨ। ਇਸ ਦੀ ਬਜਾਏ, ਕੁਦਰਤੀ ਉਪਚਾਰ ਇੱਕ ਸੁਰੱਖਿਅਤ ਅਤੇ ਵਧੇਰੇ ਪ੍ਰਭਾਵਸ਼ਾਲੀ ਹੱਲ ਪੇਸ਼ ਕਰਦੇ ਹਨ। ਤੁਹਾਡੇ ਵਾਲਾਂ ਦੇ ਕੁਦਰਤੀ ਕਾਲੇ ਰੰਗ ਨੂੰ ਬਹਾਲ ਕਰਨ ਅਤੇ ਉਨ੍ਹਾਂ ਦੀ ਸਿਹਤ ਨੂੰ ਬਿਹਤਰ ਬਣਾਉਣ ਲਈ ਅਸੀਂ ਇੱਕ ਸਧਾਰਨ ਘਰੇਲੂ ਨੁਸਖਾ ਲੈ ਕੇ ਆਏ ਹਾਂ, ਆਓ ਜਾਣਦੇ ਹਾਂ ਇਸ ਬਾਰੇ...

ਕੁਦਰਤੀ ਤੌਰ ਉੱਤੇ ਵਾਲ ਕਾਲੇ ਕਰਨ ਲਈ ਇਸ ਸਮੱਗਰੀ ਦੀ ਲੋੜ ਹੋਵੇਗੀ:

ਨਾਰੀਅਲ ਤੇਲ: ਵਾਲਾਂ ਨੂੰ ਪੋਸ਼ਣ ਦਿੰਦਾ ਹੈ, ਵਿਕਾਸ ਨੂੰ ਉਤਸ਼ਾਹਿਤ ਕਰਦਾ ਹੈ ਅਤੇ ਵਾਲਾਂ ਦੀਆਂ ਜੜ੍ਹਾਂ ਨੂੰ ਮਜ਼ਬੂਤ ▯▯ਕਰਦਾ ਹੈ।

ਕਾਲੀ ਮਿਰਚ: ਐਂਟੀਆਕਸੀਡੈਂਟਸ ਨਾਲ ਭਰਪੂਰ, ਕੁਦਰਤੀ ਪਿਗਮੈਂਟੇਸ਼ਨ ਨੂੰ ਬਣਾਈ ਰੱਖਣ ਵਿੱਚ ਮਦਦ ਕਰਦੀ ਹੈ।

ਆਂਵਲਾ ਪਾਊਡਰ: ਵਿਟਾਮਿਨ ਸੀ ਨਾਲ ਭਰਪੂਰ, ਇਹ ਵਾਲਾਂ ਦਾ ਰੰਗ ਵਧਾਉਂਦਾ ਹੈ ਅਤੇ ਚਿੱਟੇ ਹੋਣ ਤੋਂ ਰੋਕਦਾ ਹੈ।

ਕੜ੍ਹੀ ਪੱਤੇ: ਜੜ੍ਹਾਂ ਨੂੰ ਪੋਸ਼ਣ ਦੇਣ ਵਾਲਾ ਆਇਰਨ ਅਤੇ ਵਿਟਾਮਿਨ ਬੀ ਰੱਖਦਾ ਹੈ।

ਇਸ ਦੇਸੀ ਨੁਸਖੇ ਨੂੰ ਇੰਝ ਤਿਆਰ ਕਰਨਾ ਹੈ।

ਇੱਕ ਕਟੋਰੀ ਵਿੱਚ 4-5 ਚਮਚ ਨਾਰੀਅਲ ਤੇਲ ਗਰਮ ਕਰੋ।

1 ਚਮਚ ਕਾਲੀ ਮਿਰਚ ਪਾਊਡਰ ਅਤੇ 2 ਚਮਚ ਆਂਵਲਾ ਪਾਊਡਰ ਮਿਲਾਓ।

8-10 ਕਰੀ ਪੱਤੇ ਪਾਓ ਅਤੇ ਪੱਤੇ ਕਾਲੇ ਹੋਣ ਤੱਕ ਘੱਟ ਸੇਕ 'ਤੇ ਉਬਾਲੋ।

ਤੇਲ ਨੂੰ ਠੰਡਾ ਹੋਣ ਦਿਓ, ਛਾਣ ਲਓ ਅਤੇ ਇਸ ਨੂੰ ਕੱਚ ਦੀ ਬੋਤਲ ਵਿੱਚ ਸਟੋਰ ਕਰੋ।

ਲਗਾਉਣ ਦਾ ਤਰੀਕਾ

ਵਰਤਣ ਤੋਂ ਪਹਿਲਾਂ ਤੇਲ ਨੂੰ ਥੋੜ੍ਹਾ ਜਿਹਾ ਗਰਮ ਕਰੋ।

ਇਸ ਨੂੰ ਆਪਣੀ ਸਕੈਲਪ ਅਤੇ ਜੜ੍ਹਾਂ ਵਿੱਚ ਲਗਾ ਕੇ ਹੌਲੀ-ਹੌਲੀ ਮਾਲਿਸ਼ ਕਰੋ।

ਇਸ ਨੂੰ ਘੱਟੋ-ਘੱਟ 2-3 ਘੰਟੇ ਜਾਂ ਰਾਤ ਭਰ ਲਈ ਲੱਗਾ ਰਹਿਣ ਦਿਓ।

ਹਲਕੇ ਸ਼ੈਂਪੂ ਨਾਲ ਧੋਵੋ।

ਇਹ ਹੋਵੇਗਾ ਲਾਭ: ਕੁਦਰਤੀ ਕਾਲੇ ਵਾਲਾਂ ਨੂੰ ਉਤਸ਼ਾਹਿਤ ਕਰਦਾ ਹੈ। ਵਾਲਾਂ ਨੂੰ ਮਜ਼ਬੂਤ ਅਤੇ ਸੰਘਣਾ ਕਰਦਾ ਹੈ। ਵਾਲਾਂ ਦੇ ਝੜਨ ਨੂੰ ਘਟਾਉਂਦਾ ਹੈ। ਇਸ ਤੋਂ ਇਲਾਵਾ ਪੌਸ਼ਟਿਕ ਤੱਤਾਂ ਨਾਲ ਭਰਪੂਰ ਖੁਰਾਕ ਖਾਓ। ਯੋਗਾ ਅਤੇ ਧਿਆਨ ਨਾਲ ਤਣਾਅ ਨੂੰ ਘੱਟ ਕਰੋ। ਵਾਲਾਂ ਦੀ ਦੇਖਭਾਲ ਲਈ ਰਸਾਇਣਕ ਉਤਪਾਦਾਂ ਅਤੇ ਗਰਮ ਪਾਣੀ ਤੋਂ ਪਰਹੇਜ਼ ਕਰੋ। ਵਧੀਆ ਨਤੀਜਿਆਂ ਲਈ ਹਫ਼ਤੇ ਵਿੱਚ 2-3 ਵਾਰ ਇਸ ਤੇਲ ਦੀ ਵਰਤੋਂ ਕਰੋ।

ਸਰਦੀਆਂ ਦੇ ਮੌਸਮ 'ਚ ਰੋਜ਼ ਸਵੇਰੇ ਖਾਓ ਔਲਾ

ਸਰਦੀਆਂ ਦਾ ਮੌਸਮ ਆਉਂਦਿਆਂ ਹੀ ਸਾਡੀ ਸਿਹਤ ਨੂੰ ਕਈ ਤਰ੍ਹਾਂ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਮੌਸਮ 'ਚ ਜ਼ੁਕਾਮ, ਖੰਘ ਅਤੇ ਫਲੂ ਵਰਗੀਆਂ ਸਮੱਸਿਆਵਾਂ ਆਮ ਹੋ ਜਾਂਦੀਆਂ ਹਨ। ਅਜਿਹੇ 'ਚ ਸਾਡੀ ਇਮਿਊਨ ਸਿਸਟਮ (Immune System) ਨੂੰ ਮਜ਼ਬੂਤ ਕਰਨਾ ਬਹੁਤ ਜ਼ਰੂਰੀ ਹੈ। ਆਯੁਰਵੇਦ ਵਿਚ ਔਲੇ ਨੂੰ ਸਦੀਆਂ ਤੋਂ ਸਿਹਤ ਦੇ ਗੁਣਾਂ ਦਾ ਖਜ਼ਾਨਾ ਮੰਨਿਆ ਜਾਂਦਾ ਹੈ, ਜਿਸ ਨੂੰ ਖਾਣ ਨਾਲ ਕਈ ਸਿਹਤ ਲਾਭ ਮਿਲ ਸਕਦੇ ਹਨ। ਜਾਣਦੇ ਹਾਂ ਰੋਜ਼ਾਨਾ ਇਕ ਔਲਾ ਖਾਣ ਨਾਲ ਸਿਹਤ ਨੂੰ ਕੀ-ਕੀ ਫ਼ਾਇਦੇ ਹੋ ਸਕਦੇ ਹਨ।

ਵਧਾਉਂਦਾ ਹੈ ਇਮਿਊਨਿਟੀ

- ਵਿਟਾਮਿਨ ਸੀ ਦਾ ਭੰਡਾਰ - ਔਲਾ ਵਿਟਾਮਿਨ ਸੀ ਦਾ ਸਭ ਤੋਂ ਵਧੀਆ ਸਰੋਤ ਹੈ। ਵਿਟਾਮਿਨ-ਸੀ ਸਾਡੀ ਪ੍ਰਤੀਰੋਧਕ ਸ਼ਕਤੀ ਨੂੰ ਮਜ਼ਬੂਤ ਕਰਦਾ ਹੈ ਤੇ ਸਾਨੂੰ ਸਰਦੀ, ਖੰਘ ਤੇ ਫਲੂ ਵਰਗੀਆਂ ਬਿਮਾਰੀਆਂ ਤੋਂ ਬਚਾਉਂਦਾ ਹੈ।

- ਐਂਟੀਆਕਸੀਡੈਂਟਸ ਨਾਲ ਭਰਪੂਰ - ਔਲਾ ਐਂਟੀਆਕਸੀਡੈਂਟਸ ਨਾਲ ਭਰਪੂਰ ਹੁੰਦਾ ਹੈ, ਜੋ ਸਾਡੇ ਸਰੀਰ ਨੂੰ ਹਾਨੀਕਾਰਕ ਫਰੀ ਰੈਡੀਕਲਜ਼ ਤੋਂ ਬਚਾਉਂਦਾ ਹੈ।

- ਚਿੱਟੇ ਰਕਤਾਣੂਆਂ ਨੂੰ ਵਧਾਉਂਦਾ ਹੈ- ਔਲਾ ਚਿੱਟੇ ਰਕਤਾਣੂਆਂ ਦੀ ਗਿਣਤੀ ਵਧਾਉਣ 'ਚ ਮਦਦ ਕਰਦਾ ਹੈ, ਜੋ ਇਨਫੈਕਸ਼ਨ ਨਾਲ ਲੜਨ ਵਿਚ ਅਹਿਮ ਭੂਮਿਕਾ ਨਿਭਾਉਂਦੇ ਹਨ।

ਪਾਚਨ ਤੰਤਰ ਨੂੰ ਰੱਖਦਾ ਤੰਦਰੁਸਤ

ਕਬਜ਼ ਕਰਦਾ ਦੂਰ - ਔਲਾ ਪਾਚਨ ਤੰਤਰ ਨੂੰ ਸਿਹਤਮੰਦ ਰੱਖਣ 'ਚ ਮਦਦ ਕਰਦਾ ਹੈ। ਇਹ ਕਬਜ਼ ਦੀ ਸਮੱਸਿਆ ਨੂੰ ਦੂਰ ਕਰਨ ਵਿੱਚ ਬਹੁਤ ਕਾਰਗਰ ਹੈ।

ਪਾਚਨ ਤੰਤਰ ਨੂੰ ਕਰਦਾ ਹੈ ਸਰਗਰਮ - ਔਲਾ ਪਾਚਨ ਤੰਤਰ ਨੂੰ ਸਰਗਰਮ ਕਰਦਾ ਹੈ, ਜਿਸ ਕਾਰਨ ਭੋਜਨ ਆਸਾਨੀ ਨਾਲ ਪਚ ਜਾਂਦਾ ਹੈ।

ਐਸੀਡਿਟੀ ਤੋਂ ਬਚਾਉਂਦਾ ਹੈ- ਔਲਾ ਐਸੀਡਿਟੀ ਦੀ ਸਮੱਸਿਆ ਨੂੰ ਦੂਰ ਕਰਨ ਵਿਚ ਮਦਦ ਕਰਦਾ ਹੈ।

ਚਮੜੀ ਨੂੰ ਰੱਖਦਾ ਸਿਹਤਮੰਦ : ਚਮੜੀ ਨੂੰ ਬਣਾਉਂਦਾ ਹੈ ਚਮਕਦਾਰ - ਔਲਾ ਚਮੜੀ ਨੂੰ ਗਲੋਇੰਗ ਤੇ ਨਰਮ ਬਣਾਉਣ 'ਚ ਮਦਦ ਕਰਦਾ ਹੈ।

ਝੁਰੜੀਆਂ ਨੂੰ ਕਰਦਾ ਘੱਟ- ਔਲੇ 'ਚ ਮੌਜੂਦ ਐਂਟੀਆਕਸੀਡੈਂਟ ਝੁਰੜੀਆਂ ਨੂੰ ਘੱਟ ਕਰਨ 'ਚ ਮਦਦ ਕਰਦੇ ਹਨ।

ਸੂਰਜ ਦੀਆਂ ਹਾਨੀਕਾਰਕ ਕਿਰਨਾਂ ਤੋਂ ਚਮੜੀ ਦੀ ਰੱਖਿਆ ਕਰਦਾ ਹੈ - ਔਲਾ ਚਮੜੀ ਨੂੰ ਸੂਰਜ ਦੀਆਂ ਹਾਨੀਕਾਰਕ ਕਿਰਨਾਂ ਤੋਂ ਬਚਾਉਂਦਾ ਹੈ।

ਵਾਲਾਂ ਨੂੰ ਰੱਖਦਾ ਹੈ ਸਿਹਤਮੰਦ : ਵਾਲਾਂ ਦੇ ਝੜਨ ਨੂੰ ਰੋਕਦਾ ਹੈ - ਔਲਾ ਵਾਲਾਂ ਨੂੰ ਝੜਨ ਤੋਂ ਰੋਕਣ ਤੇ ਵਾਲਾਂ ਨੂੰ ਮਜ਼ਬੂਤ ਕਰਨ 'ਚ ਮਦਦ ਕਰਦਾ ਹੈ।

ਸਿਰ ਦੀ ਚਮੜੀ ਨੂੰ ਰੱਖਦਾ ਸਿਹਤਮੰਦ - ਔਲਾ ਸਿਰ ਦੀ ਚਮੜੀ ਨੂੰ ਸਿਹਤਮੰਦ ਰੱਖਦਾ ਹੈ ਤੇ ਡੈਂਡਰਫ ਦੀ ਸਮੱਸਿਆ ਨੂੰ ਘੱਟ ਕਰਦਾ ਹੈ।

ਵਾਲਾਂ ਲਈ ਫਾਇਦੇਮੰਦ- ਔਲਾ ਵਾਲਾਂ ਨੂੰ ਕਾਲੇ ਅਤੇ ਚਮਕਦਾਰ ਬਣਾਉਂਦਾ ਹੈ।

ਹੋਰ ਵੀ ਕਈ ਹਨ ਫ਼ਾਇਦੇ : ਦਿਲ ਨੂੰ ਰੱਖਦਾ ਹੈ ਸਿਹਤਮੰਦ - ਔਲਾ ਦਿਲ ਨੂੰ ਸਿਹਤਮੰਦ ਰੱਖਣ 'ਚ ਮਦਦ ਕਰਦਾ ਹੈ।

ਬਲੱਡ ਪ੍ਰੈਸ਼ਰ ਨੂੰ ਕਰਦਾ ਹੈ ਕੰਟਰੋਲ - ਔਲਾ ਬਲੱਡ ਪ੍ਰੈਸ਼ਰ ਨੂੰ ਕੰਟਰੋਲ ਕਰਨ 'ਚ ਮਦਦ ਕਰਦਾ ਹੈ।

ਕੈਂਸਰ ਤੋਂ ਬਚਾਉਂਦਾ ਹੈ - ਔਲੇ 'ਚ ਮੌਜੂਦ ਐਂਟੀਆਕਸੀਡੈਂਟ ਕੈਂਸਰ ਤੋਂ ਬਚਾਉਣ 'ਚ ਮਦਦ ਕਰਦੇ ਹਨ।

ਡਾਇਬਟੀਜ਼ ਨੂੰ ਕਰਦਾ ਹੈ ਕੰਟਰੋਲ - ਔਲਾ ਸ਼ੂਗਰ ਨੂੰ ਕੰਟਰੋਲ ਕਰਨ 'ਚ ਮਦਦ ਕਰਦਾ ਹੈ।

ਰਾਸ਼ੀਫਲ

ਮੇਖ : ਕੁਝ ਤਣਾਅ ਅਤੇ ਮਤਭੇਦ ਤੁਹਾਨੂੰ ਚਿੜਚਿੜਾ ਅਤੇ ਬੈਚੇਨ ਬਣਾ ਸਕਦਾ ਹੈ। ਜਿਹੜੇ ਲੋਕਾਂ ਨੇ ਕਿਸੇ ਤੋਂ ਲਿਆ ਹੋਇਆ ਹੈ ਉਨਾਂ ਨੂੰ ਅੱਜ ਕਿਸੇ ਵੀ ਹਾਲਤ ਵਿਚ ਉਧਾਰ ਵਾਪਿਸ ਦੇਣਾ ਪੈ ਸਕਦਾ ਹੈ ਜਿਸ ਨਾਲ ਆਰਥਿਕ ਸਥਿਤੀ ਕਮਜ਼ੋਰ ਹੋ ਜਾਵੇਗੀ। ਪਰਿਵਾਰ ਦੇ ਮੈਂਬਰਾਂ ਨਾਲ ਕੁਝ ਆਰਾਮ ਦੇ ਪਲ ਬਿਤਾਉ। ਅੱਜ ਤੁਸੀ ਆਪਣੇ ਪਿਆਰ ਨਾਲ ਕਿਤੇ ਘੁੰਮਣ ਦੀ ਯੋਜਨਾ ਬਣਾਉਂਗੇ ਪਰੰਤੂ ਕਿਸੇ ਜਰੂਰੀ ਕੰਮ ਦੇ ਆਉਣ ਦੀ ਵਜਾਹ ਨਾਲ ਇਹ ਯੋਜਨਾ ਨਹੀਂ ਹੋ ਪਾਵੇਗੀ ਜਿਸ ਦੀ ਵਜਾਹ ਨਾਲ ਤੁਹਾਡੇ ਦੋਵਾਂ ਵਿਚ ਕਹਿਸੁਣੀ ਹੋ ਸਕਦੀ ਹੈ। ਤੁਸੀ ਨਿਸ਼ਚਿਤ ਤੌਰ ਤੇ ਅਜਿਹੇ ਲੋਕਾਂ ਨੂੰ ਮਿਲੋਂਗੇ ਜੋ ਤੁਹਾਡੇ ਕਰੀਅਰ ਵਿਚ ਮਦਦਗਾਰ ਸਾਬਿਤ ਹੋਵੇਗਾ। ਤੁਹਾਡੇ ਕੋਲ ਅੱਜ ਸਮਾਜੀਕਰਨ ਅਤੇ ਉਨਾਂ ਚੀਜਾਂ ਦੀ ਪਾਲਣਾ ਕਰਨ ਲਈ ਵਿਹਲਾ ਸਮਾਂ ਹੈ ਜਿਨਾਂ ਨੂੰ ਤੁਸੀ ਸਭ ਤੋਂ ਵੱਧ ਪਸੰਦ ਕਰਦੇ ਹੋ। ਤੁਸੀ ਅੱਜ ਆਪਣੇ ਜੀਵਨਸਾਥੀ ਦੀ ਨਿੱਘ ਮਹਿਸੂਸ ਕਰ ਸਕਦੇ ਹੋ।

ਬ੍ਰਿਸ਼ਭ : ਦੌੜ ਭੱਜਿਆ ਦਿਨ ਤੁਹਾਨੂੰ ਤੁਣਕ ਮਿਜ਼ਾਜ ਬਣਾ ਸਕਦਾ ਹੈ। ਕਾਰੋਬਾਰੀਆਂ ਨੂੰ ਅੱਜ ਵਪਾਰ ਵਿਚ ਘਾਟਾ ਪੈ ਸਕਦਾ ਹੈ ਅਤੇ ਆਪਣੇ ਵਪਾਰ ਨੂੰ ਬੇਹਤਰ ਬਣਾਉਣ ਲਈ ਤੁਹਾਨੂੰ ਪੈਸਾ ਖਰਚ ਕਰਨਾ ਪੈ ਸਕਦਾ ਹੈ। ਪੜ੍ਹਾਈ ਦੇ ਸਮੇਂ ਘਰ ਤੋਂ ਬਾਹਰ ਜ਼ਿਆਦਾਤਰ ਬਾਹਰ ਰਹਿਣਾ ਤੁਹਾਡੇ ਮਾਤਾ ਪਿਤਾ ਨੂੰ ਗੁੱਸੇ ਦਾ ਸ਼ਿਕਾਰ ਬਣ ਸਕਦਾ ਹੈ। ਕਰੀਅਰ ਦੇ ਲਈ ਯੋਜਨਾ ਬਣਾਉਣਾ ਉਨਾ ਹੀ ਮੁਸ਼ਕਿਲ ਹੈ ਜਿਨਾਂ ਕਿ ਖੇਡਣਾ। ਇਸ ਲਈ ਮਾਤਾ ਪਿਤਾ ਨੂੰ ਖੁਸ਼ ਕਰਨ ਦੇ ਲਈ ਦੋਨਾਂ ਵਿਚ ਸੰਤੁਲਨ ਬਣਾਉਣਾ ਜ਼ਰੂਰੀ ਹੈ। ਗਲਤ ਸੰਚਾਰ ਅਤੇ ਇਕ ਸੰਦੇਸ਼ ਤੁਹਾਡੇ ਦਿਨ ਨੂੰ ਨਿਰਾਸ਼ਾਜਨਕ ਬਣਾ ਸਕਦੀ ਹੈ। ਕੰਮ ਕਾਰ ਦੇ ਨਜ਼ਰੀਏ ਨਾਲ ਅੱਜ ਦਾ ਦਿਨ ਤੁਹਾਡਾ ਹੈ। ਜੋ ਲੋਕ ਪਿਛਲੇ ਕੁਝ ਦਿਨਾਂ ਵਿਚ ਕਾਫੀ ਵਿਅਸਤ ਸੀ ਅੱਜ ਉਨਾਂ ਨੂੰ ਆਪਣੇ ਲਈ ਆਨੰਦ ਦੇ ਪਲ ਮਿਲਣਗੇ। ਤੁਹਾਡੇ ਜੀਵਨ ਸਾਥੀ ਦੀ ਸਿਹਤ ਥੋੜੀ ਜਿਹੀ ਖਰਾਬ ਹੋ ਸਕਦੀ ਹੈ।

ਮਿਥੁਨ : ਆਪਣੀ ਸਿਹਤ ਨੂੰ ਲੈ ਕੇ ਜ਼ਿਆਦਾ ਚਿੰਤਾ ਨਾ ਕਰੋ ਕਿਉਂ ਕਿ ਇਸ ਨਾਲ ਤੁਹਾਡੀ ਬਿਮਾਰੀ ਹੋਰ ਵਿਗੜ ਸਕਦੀ ਹੈ। ਲੰਬੇ ਸਮੇਂ ਤੋਂ ਰੁਕੇ ਮੁਆਵਜ਼ੇ ਅਤੇ ਕਰਜ਼ ਆਦਿ ਆਖਿਰਕਾਰ ਤੁਹਾਨੂੰ ਮਿਲ ਜਾਣਗੇ। ਜੀਵਨਸਾਥੀ ਅਤੇ ਬੱਚਿਆਂ ਨਾਲ ਅਤਿਰਿਕਤ ਪਿਆਰ ਅਤੇ ਸਹਿਯੋਗ ਮਿਲੇਗਾ। ਮੋਮਬੱਤੀ ਦੀ ਰੋਸ਼ਨੀ ਵਿਚ ਆਪਣੇ ਪਿਆਰੇ ਨਾਲ ਭੋਜਨ ਸ਼ਾਂਝਾ ਕਰੋ। ਪੇਸ਼ੇਵਰ ਲਕਸ਼ ਪ੍ਰਤੀ ਤਾਕਤ ਲਗਾਉਣ ਦਾ ਇਹ ਸਹੀ ਸਮਾਂ ਹੈ। ਉਨਾਂ ਚੀਜਾਂ ਨੂੰ ਦੁਹਾਰਾਉਣਾ ਜਿਨਾਂ ਦਾ ਹੁਣ ਤੁਹਾਡੀ ਜ਼ਿੰਦਗੀ ਵਿਚ ਕੋਈ ਮਹੱਤਵ ਨਹੀਂ ਹੈ ਤੁਹਾਡੇ ਲਈ ਠੀਕ ਨਹੀਂ ਹੈ ਅਜਿਹਾ ਕਰਕੇ ਤੁਸੀ ਆਪਣਾ ਸਮਾਂ ਹੀ ਖਰਾਬ ਕਰੋਂਗੇ ਹੋਰ ਕੁਝ ਨਹੀਂ। ਜੇਕਰ ਤੁਸੀ ਆਪਣੇ ਜੀਵਨਸਾਥੀ ਦੇ ਪਿਆਰ ਲਈ ਤਰਸ ਰਹੋ ਹੋ ਤਾਂ ਇਹ ਦਿਨ ਤੁਹਾਡੇ ਲਈ ਅਸੀਸ ਹੋਵੇਗਾ।

ਕਰਕ : ਤੁਹਾਡੇ ਵਿਚੋਂ ਕੁੱਝ ਲੋਕਾਂ ਨੂੰ ਅੱਜ ਮਹੱਤਵਪੂਰਨ ਫੈਂਸਲਾ ਲੈਣ ਵਿਚ ਰੁਕਾਵਟ ਪੈ ਸਕਦੀ ਹੈਜਿਸ ਤੋਂ ਤੁਸੀ ਤਣਾਅਗ੍ਰਸਤ ਅਤੇ ਚਿੰਤਤ ਹੋ ਸਕਦੇ ਹੋ। ਬੋਲਦੇ ਸਮੇਂ ਅਤੇ ਆਰਥਿਕ ਲੈਣ ਦੇਣ ਸਮੇਂ ਸਾਵਧਾਨੀ ਵਰਤਣ ਦੀ ਲੋੜ ਹੈ। ਰਿਸ਼ਤੇਦਾਰਾਂ ਨਾਲ ਸਹਿਯੋਗ ਵਧੇਗਾ ਅਤੇ ਦਿਮਾਗੀ ਬੋਝ ਤੋਂ ਛੁਟਕਾਰਾ ਮਿਲੇਗਾ। ਵਿਆਹ ਲਈ ਸਹੀ ਸਮਾਂ ਹੈ ਕਿਉਂ ਕਿ ਤੁਹਾਡਾ ਪਿਆਰ ਜੀਵਨ ਭਰ ਲਈ ਮੋੜ ਲੈ ਸਕਦਾ ਹੈ। ਰਚਨਾਤਮਕ ਕੰਮਾਂ ਵਿਚ ਜੁੜੇ ਲੋਕਾਂ ਦੇ ਲਈ ਬੇਹਤਰੀਨ ਦਿਨ ਹੈ ਕਿਉਂ ਕਿ ਉਨਾਂ ਨੂੰ ਇਹ ਸ਼ੋਹਰਤ ਅਤੇ ਪਹਿਚਾਣ ਮਿਲੇਗੀ ਜਿਸਦੀ ਉਨਾਂ ਨੂੰ ਲੰਬੇ ਸਮੇਂ ਤੋਂ ਤਾਲਾਸ਼ ਹੈ। ਅੱਜ ਤੁਸੀ ਆਪਣਾ ਦਿਨ ਸਾਰੇ ਰਿਸ਼ਤੇਦਾਰਾਂ ਤੋਂ ਦੂਰ ਇਕ ਸ਼ਾਂਤ ਸਥਾਨ ਤੇ ਬਿਤਾਉਣਾ ਪਸੰਦ ਕਰੋਂਗੇ। ਜੇਕਰ ਤੁਸੀ ਆਪਣੇ ਜੀਵਨਸਾਥੀ ਦੇ ਪਿਆਰ ਲਈ ਤਰਸ ਰਹੋ ਹੋ ਤਾਂ ਇਹ ਦਿਨ ਤੁਹਾਡੇ ਲਈ ਅਸੀਸ ਹੋਵੇਗਾ।

ਸਿੰਘ : ਮਾਨਸਿਕ ਤੌਰ ਤੇ ਤੁਸੀ ਸਥਿਰ ਮਹਿਸੂਸ ਨਹੀਂ ਕਰ ਰਹੇ ਹੋ ਇਸ ਲਈ ਇਸ ਗੱਲ ਦਾ ਧਿਆਨ ਰੱਖੋ ਕਿ ਦੂਸਰਿਆਂ ਦੇ ਸਾਹਮਣੇ ਤੁਸੀ ਕੀ ਬਰਤਾਵ ਕਰਦੇ ਅਤੇ ਬੋਲਦੇ ਹੋ। ਕਈਂ ਵੱਡੀਆਂ ਯੋਜਨਾਵਾਂ ਅਤੇ ਵਿਚਾਰਾਂ ਦੇ ਜ਼ਰੀਏ ਤੁਹਾਡਾ ਧਿਆਨ ਆਕਰਸ਼ਿਤ ਕਰ ਸਕਦਾ ਹੈ ਕਿਸੇ ਵੀ ਤਰਾਂ ਦਾ ਨਿਵੇਸ਼ ਕਰਨ ਤੋਂ ਪਹਿਲਾਂ ਉਸ ਵਿਅਕਤੀ ਦੀ ਜਾਂਚ ਪੜਤਾਲ ਕਰ ਲਵੋ। ਅੱਜ ਦੂਸਰਿਆਂ ਦੇ ਕੰਮਾਂ ਵਿਚ ਦਖਲ ਦੇਣ ਤੋਂ ਬਚੋ। ਸ਼ਾਮ ਦੀ ਢਲਦੇ ਢਲਦੇ ਕੋਈ ਰੋਮਾਂਟਿਕ ਝੁਕਾਅ ਤੁਹਾਡੇ ਦਮਿਮਾਗ ਨੂੰ ਘੇਰ ਲੇਵੇਗਾ। ਇਕ ਅਹਿਮ ਪ੍ਰੋਜੈਕਟ ਜਿਸ ਤੇ ਤੁਸੀ ਕਾਫੀ ਸਮੇਂ ਤੋਂ ਕੰਮ ਕਰ ਰਹੇ ਹੋ ਰੁਕ ਸਕਦਾ ਹੈ। ਦਿਨ ਨੂੰ ਕਿਸ ਤਰਾਂ ਚੰਗਾ ਬਣਾਇਆ ਜਾਵੇ ਇਸ ਦੇ ਲਈ ਤੁਹਾਨੂੰ ਵੀ ਆਪਣੇ ਵਿਅਸਤ ਸਮੇ ਵਿਚੋਂ ਸਮਾਂ ਕੱਢਣਾ ਪਵੇਗਾ। ਤੁਹਾਡਾ ਜੀਵਨਸਾਥੀ ਅੱਜ ਤੁਹਾਡੇ ਨਾਲ ਆਉਣ ਨਾਲ ਕੁਝ ਖੂਬਸੂਰਤ ਸ਼ਬਦਾਂ ਨੂੰ ਬਿਆਨ ਕਰੇਗਾ ਕਿ ਤੁਹਾਡੀ ਜ਼ਿੰਦਗੀ ਵਿਚ ਉਸ ਦੀ ਕੀ ਕੀਮਤ ਹੈ।

ਕੰਨਿਆ: ਆਪਣੀ ਸਿਹਤ ਸੁਧਾਰੋ ਕਿਉਂ ਕਿ ਕਮਜ਼ੋਰ ਸਰੀਰ ਦਿਮਾਗ ਨੂੰ ਵੀ ਕਮਜ਼ੋਰ ਬਣਾ ਦਿੰਦਾ ਹੈ। ਤੁਹਾਡਾ ਧੰਨ ਤੁਹਾਡੇ ਭਵਿੱਖ ਨੂੰ ਖੁਸ਼ਹਾਲ ਬਣਾਉਣ ਲਈ ਤੁਹਾਡੇ ਦੁਆਰਾ ਲਗਾਈਆਂ ਗਈਆਂ ਸਾਰੀਆਂ ਰਕਮਾਂ ਅੱਜ ਲਾਭਦਾਇਕ ਸਿੱਟੇ ਪ੍ਰਾਪਤ ਕਰਨਗੇ। ਲੋਕ ਤੁਹਾਨੂੰ ਨਵੀਆਂ ਆਸਾਂ ਅਤੇ ਸੁਪਨੇ ਦੇਣਗੇ ਪਰੰਤੂ ਅਸਲ ਵਿਚ ਸਾਰਾ ਕੰਮ ਤੁਹਾਡੇ ਪ੍ਰਯਾਸਾਂ ਨਾਲ ਹੋਵੇਗਾ। ਪੁਰਾਣੀਆਂ ਯਾਦਾਂ ਨੂੰ ਜ਼ਿਹਨ ਵਿਚ ਜਿੰਦਾ ਕਰਕੇ ਦੋਸਤੀ ਨੂੰ ਫਿਰ ਤੋਂ ਤਾਜ਼ਾ ਕਰਨ ਦਾ ਸਮਾਂ ਹੈ। ਆਪਣੀ ਕੰਮ ਦੀ ਕੁਸ਼ਲਤਾ ਵਧਾਉਣ ਦੇ ਲਈ ਨਵੀਂ ਤਕਨੀਕਾਂ ਦਾ ਸਹਾਰਾ ਲਉ। ਤੁਹਾਡੀ ਸ਼ੈਲੀ ਅਤੇ ਕੰਮ ਕਰਨ ਦਾ ਨਵਾਂ ਅੰਦਾਜ਼ ਉਨਾਂ ਲੋਕਾਂ ਵਿਚ ਦਿਲਚਸਪੀ ਪੈਦਾ ਕਰੇਗਾ। ਜੋ ਤੁਹਾਡੇ ਤੇ ਨੇੜੇ ਤੋਂ ਧਿਆਨ ਰੱਖਦੇ ਹਨ। ਅੱਜ ਆਪਣੇ ਪਰਿਵਾਰਿਕ ਮੈਂਬਰਾਂ ਨਾਲ ਗੱਲਬਾਤ ਕਰਦੇ ਸਮੇਂ ਬੁੱਧੀਮਾਨ ਬਣੋ ਕਿਉਂ ਕਿ ਇਸ ਨਾਲ ਬੇਲੋੜੀਆਂ ਲੜਾਈਆਂ ਅਤੇ ਦਲੀਲਾਂ ਪੈਦਾ ਹੋ ਸਕਦੀਆਂ ਹਨ ਇਹ ਸਿਰਫ ਤੁਹਾਡਾ ਸਮਾਂ ਅਤੇ ਤਾਕਤ ਨੂੰ ਬਰਬਾਦ ਕਰੇਗਾ। ਤੁਹਾਡਾ ਜੀਵਨਸਾਥੀ ਅੱਜ ਤੁਹਾਡੇ ਲਈ ਕੁਝ ਖਾਸ ਕਰਨ ਵਾਲਾ ਹੋ ਸਕਦਾ ਹੈ।

ਤੁਲਾ: ਤਨਾਵ ਨੂੰ ਨਜ਼ਰ ਅੰਦਾਜ਼ ਨਾ ਕਰੋ ਇਹ ਤੰਬਾਕੂ ਅਤੇ ਸ਼ਰਾਬ ਦੀ ਤਰਾਂ ਖਤਰਨਾਕ ਮਹਾਮਾਰੀ ਹੈ ਜੋ ਤੇਜ਼ੀ ਨਾਲ ਪੈਰ ਪਾਸਾਰ ਰਹੀ ਹੈ। ਤੁਸੀ ਜੀਵਨ ਵਿਚ ਪੈਸੇ ਦੀ ਅਹਿਮੀਅਤ ਨੂੰ ਨਹੀਂ ਸਮਝਦੇ ਪਰ ਅੱਜ ਤੁਹਾਨੂੰ ਪੈਸੇ ਦੀ ਅਹਿਮੀਅਤ ਸਮਝ ਆ ਸਕਦੀ ਹੈ ਕਿਉਂ ਕਿ ਅੱਜ ਤੁਹਾਨੂੰ ਪੈਸੇ ਦੀ ਬਹੁਤ ਲੋੜ ਹੋਵੇਗੀ। ਪਰੰਤੂ ਤੁਹਾਡੇ ਕੋਲ ਜਿਆਦਾ ਪੈਸਾ ਨਹੀਂ ਹੋਵੇਗਾ। ਸਮਾਜਿਕ ਉਤਸਵਾ ਵਿਚ ਹਾਜ਼ਿਰ ਹੋਣ ਦਾ ਮੌਕਾ ਹੈ ਜੋ ਤੁਹਾਨੂੰ ਪ੍ਰਭਾਵਸ਼ਾਲੀ ਲੋਕਾਂ ਦੇ ਸੰਪਰਕ ਵਿਚ ਲਿਆਵੇਗਾ। ਆਪਣੇ ਪਿਆਰ ਦੀ ਪੁਰਾਣੀ ਗੱਲਾਂ ਨੂੰ ਮਾਫ ਕਰਕੇ ਤੁਸੀ ਆਪਣੀ ਜ਼ਿੰਦਗੀ ਵਿਚ ਸੁਧਾਰ ਲਿਆ ਸਕਦੇ ਹੋ। ਭਲੇ ਹੀ ਛੋਟੀ ਮੋਟੀ ਔਕੜਾਂ ਦਾ ਸਾਹਮਣਾ ਕਰਨਾ ਪਵੇ ਪਰੰਤੂ ਕੁੱਲ ਮਿਲਾ ਕੇ ਇਹ ਦਿਨ ਕਈਂ ਉਪਲਬਧੀਆਂ ਦੇ ਸਕਦਾ ਹੈ ਉਨਾਂ ਸਹਿਕਰਮੀਆਂ ਦਾ ਖਾਸ ਧਿਆਨ ਰੱਖੋ ਜੋ ਉਮੀਦ ਦੇ ਮੁਤਾਬਿਕ ਚੀਜ ਨਾ ਮਿਲਣ ਤੇ ਜਲਦ ਹੀ ਬੁਰਾ ਮੰਨ ਲੈਂਦੇ ਹਨ। ਪੱਤਰ ਵਿਹਾਰ ਨੂੰ ਧਿਆਨ ਨਾਲ ਸੰਭਾਲਣ ਦੀ ਜਰੂਰਤ ਹੈ। ਤੁਹਾਡਾ ਜੀਵਨਸਾਥੀ ਤੁਹਾਨੂੰ ਅੱਜ ਤੁਹਾਡੇ ਅੱਲੜ ਉਮਰ ਦੇ ਬਦਨਾਮ ਪਲਾਂ ਨੂੰ ਚੇਤੇ ਕਰਵਾਉਗਾ।

ਬ੍ਰਿਸ਼ਚਕ : ਅੱਜ ਦਾ ਦਿਨ ਉਹਨਾਂ ਦਿਨਾਂ ਦੀ ਤਰਾਂ ਨਹੀਂ ਹੈ ਜਦੋਂ ਤੁਸੀ ਕਿਸਮਤ ਵਾਲੇ ਸਾਬਿਤ ਹੁੰਦੇ ਹੋ ਇਸ ਲਈ ਅੱਜ ਜੋ ਕੁਝ ਵੀ ਬੋਲੋ ਸੋਚ ਸਮਝ ਕੇ ਬੋਲੋ ਕਿਉਂ ਕਿ ਥੋੜੀ ਜਿਹੀ ਬਾਤਚੀਤ ਦਿਨਭਰ ਖਿੱਚ ਕੇ ਵੱਡੇ ਵਿਵਾਦ ਦਾ ਰੂਪ ਲੈ ਸਕਦੀ ਹੈ ਅਤੇ ਤੁਹਾਨੂੰ ਤਨਾਵ ਦੇ ਪਲ ਵੀ ਦੇ ਸਕਦੀ ਹੈ। ਅੱਜ ਤੁਹਾਡੇ ਮਾਤਾ ਪਿਤਾ ਵਿਚੋਂ ਕੋਈ ਤੁਹਾਨੂੰ ਧੰਨ ਦੀ ਬਚਤ ਕਰਨ ਦੇ ਲਈ ਲੈਕਚਰ ਦੇ ਸਕਦਾ ਹੈ ਤੁਹਾਡੀ ਉਨਾਂ ਗੱਲਾਂ ਨੂੰ ਬਹੁਤ ਧਿਆਨ ਸੁਣਨ ਦੀ ਲੋੜ ਹੈ ਨਹੀਂ ਤਾ ਆਉਣ ਵਾਲੇ ਸਮੇਂ ਵਿਚ ਮੁਸ਼ਕਿਲ ਨਾਲ ਤੁਹਾਨੂੰ ਨਜਿੱਠਣਾ ਪੈ ਸਕਦਾ ਹੈ। ਪਰਿਵਾਰਿਕ ਮੈਂਬਰਾਂ ਨਾਲ ਮਤਭੇਦ ਖਤਮ ਕਰਕੇ ਤੁਸੀ ਆਪਣੇ ਉਦੇਸ਼ਾ ਦੀ ਪੂਰਤੀ ਆਸਾਨੀ ਨਾਲ ਕਰ ਸਕਦੇ ਹੋ। ਆਪਣੀ ਖਿੜਕੀ ਤੇ ਫੁੱਲ ਰੱਖ ਕੇ ਆਪਣੇ ਪਿਆਰ ਦਾ ਇਜ਼ਹਾਰ ਕਰੋ। ਕਲਾਕਾਰੀ ਅਤੇ ਕੰਮਕਾਰੀ ਮਹਿਲਾਵਾਂ ਦੇ ਲਈ ਅੱਜ ਦਾ ਦਿਨ ਕਾਫੀ ਉਤਪਾਦਕ ਸਾਬਿਤ ਹੋਵੇਗਾ। ਜਦੋਂ ਤੁਹਾਡੇ ਤੋਂ ਤੁਹਾਡੀ ਰਾਏ ਪੁੱਛੀ ਜਾਵੇ ਤਾਂ ਸੰਕੁਚਿਤ ਮਹਿਸੂਸ ਨਾ ਕਰੋ ਕਿਉਂ ਕਿ ਇਸ ਲਈ ਤੁਹਾਡੀ ਕਾਫੀ ਤਾਰੀਫ ਹੋਵੇਗੀ। ਤੁਹਾਡੇ ਮਾਤਾ ਪਿਤਾ ਤੁਹਾਡੇ ਜੀਵਨਸਾਥੀ ਨੂੰ ਸੱਚਮੁਚ ਕੁਝ ਸ਼ਾਨਦਾਰ ਆਸ਼ੀਰਵਾਦ ਦੇਣ ਜਿਸ ਦੇ ਚਲਦੇ ਤੁਹਾਡੇ ਵਿਵਾਹਿਕ ਜੀਵਨ ਵਿਚ ਹੋਰ ਨਿਖਾਰ ਆਵੇਗਾ।

ਧਨੂੰ: ਆਪਣੀ ਸਿਹਤ ਸੁਧਾਰੋ ਕਿਉਂ ਕਿ ਕਮਜ਼ੋਰ ਸਰੀਰ ਦਿਮਾਗ ਨੂੰ ਵੀ ਕਮਜ਼ੋਰ ਬਣਾ ਦਿੰਦਾ ਹੈ। ਆਪਣੇ ਜੀਵਨ ਸਾਥੀ ਨਾਲ ਮਿਲ ਕੇ, ਤਸੀ ਭਵਿੱਖ ਦੇ ਲਈ ਧੰਨ ਦੀ ਯੋਜਨਾ ਅਤੇ ਆਰਥਿਕਤਾ ਬਾਰੇ ਗੱਲਬਾਤ ਕਰ ਸਕਦੇ ਹੋ। ਬੱਚੇ ਤੁਹਾਡੇ ਜੀਵਨ ਨੂੰ ਬਹੁਤ ਮੁਸ਼ਕਿਲ ਬਣਾ ਸਕਦੇ ਹਨ ਪਿਆਰ ਹਥਿਆਰ ਦਾ ਇਸਤੇਮਾਲ ਕਰ ਕੇ ਉਨਾਂ ਨੂੰ ਸਮਝਾਉ ਅਣਚਾਹੇ ਤਣਾਵ ਤੋਂ ਬਚੋ ਯਾਦ ਰੱਖੋ ਕਿ ਪਿਆਰ ਹੀ ਪਿਆਰ ਨੂੰ ਪੈਦਾ ਕਰਦਾ ਹੈ। ਜੇਕਰ ਤੁਸੀ ਚਾਹੁੰਦੇ ਹੋ ਕਿ ਤੁਹਾਡੀ ਪਿਆਰ ਦੀ ਜ਼ਿੰਦਗੀ ਮਜ਼ਬੂਤ ਅਤੇ ਖੁਸ਼ਹਾਲ ਰਹੇ ਤਾਂ ਕਿਸੇ ਤੀਜੇ ਵਿਅਕਤੀ ਦੀ ਗੱਲ ਸੁਣ ਕੇ ਆਪਣੇ ਪਿਆਰੇ ਬਾਰੇ ਗੱਲ ਨਾ ਕਰੋ ਜਾਂ ਉਸ ਬਾਰੇ ਕੋਈ ਰਾਏ ਨਾ ਬਣਾਉ। ਯੋਗ ਕਰਮਚਾਰੀਆਂ ਨੂੰ ਤਰੱਕੀ ਅਤੇ ਆਰਥਿਕ ਮੁਨਾਫਾ ਹੋ ਸਕਦਾ ਹੈ। ਰਾਤ ਨੂੰ ਦਫਤਰ ਤੋਂ ਘਰ ਵਾਪਸ ਆਉਂਦੇ ਸਮੇਂ ਅੱਜ ਤੁਹਾਨੂੰ ਵਾਹਨ ਸਾਵਧਾਨੀ ਨਾਲ ਚਲਾਉਣਾ ਚਾਹੀਦਾ ਹੈ ਨਹੀਂ ਤਾਂ ਦੁਰਘਟਨਾ ਵਾਪਰ ਸਕਦੀ ਹੈ ਅਤੇ ਤੁਸੀ ਬਿਮਾਰ ਪੈ ਸਕਦੇ ਹੋ। ਲੰਬੇ ਸਮੇਂ ਤੋਂ ਕੰਮਕਾਰ ਦਾ ਦਬਾਅ ਤੁਹਾਡੇ ਵਿਆਹੁਤ ਜੀਵਨ ਦੇ ਲਈ ਮੁਸ਼ਕਿਲ ਖੜੀ ਕਰ ਰਿਹਾ ਹੈ ਪਰੰਤੂ ਅੱਜ ਸਾਰੀਆਂ ਸ਼ਿਕਾਇਤਾਂ ਦੂਰ ਹੋ ਜਾਣਗੀਆਂ।

ਮਕਰ : ਦੋਸਤਾਂ ਅਤੇ ਪਰਿਵਾਰਿਕ ਮੈਂਬਰਾਂ ਨੂੰ ਤੁਹਾਡੀ ਜ਼ਿੰਦਗੀ ਸ਼ਾਇਦ ਬੇਹਤਰੀਨ ਨਜ਼ਰ ਆਵੇ ਪਰ ਹਾਲ ਹੀ ਵਿਚ ਹੋਈ ਘਟਨਾ ਦੇ ਚਲਦੇ ਤੁਸੀ ਅੰਦਰ ਹੀ ਅੰਦਰ ਉਦਾਸ ਹੋ। ਜੇਕਰ ਤੁਸੀ ਵਿਦੇਸ਼ ਵਿਚ ਕਿਸੇ ਜ਼ਮੀਨ ਤੇ ਨਿਵੇਸ਼ ਕੀਤਾ ਸੀ ਅੱਜ ਉਸ ਨੂੰ ਵੇਚਣ ਦੀ ਵਧੀਆ ਕੀਮਤ ਮਿਲ ਸਕਦੀ ਹੈ ਜੋ ਤੁਹਾਨੂੰ ਮੁਨਾਫਾ ਕਮਾਉਣ ਵਿਚ ਸਹਾਇਤਾ ਕਰੇਗਾ। ਪਰਿਵਾਰਕ ਜਿੰਮੇਵਾਰੀਆਂ ਨੂੰ ਨਾ ਭੁਲੋ। ਤੁਹਾਡੇ ਦਿਲ ਦੀ ਧੜਕਣ ਅੱਜ ਤੁਹਾਡੇ ਸਾਥੀ ਨਾਲ ਤਲ ਵਿਚ ਪਿਆਰ ਦਾ ਸੰਗੀਤ ਵਜਾਏਗੀ। ਕੁਝ ਲੋਕਾਂ ਦੀ ਵਿਦੇਸ਼ਾਂ ਨਾਲ ਕੋਈ ਖਾਸ ਖਬਰ ਕਾਰੋਬਾਰੀ ਪ੍ਰਸਤਾਵ ਮਿਲ ਸਕਦਾ ਹੈ। ਇਸ ਰਾਸ਼ੀ ਚਿੰਨ੍ਹ ਵਾਲਿਆਂ ਨੂੰ ਅੱਜ ਖੁਦ ਦੇ ਲਈ ਕਾਫੀ ਸਮਾਂ ਮਿਲੇਗਾ ਇਸ ਸਮੇਂ ਦਾ ਉਪਯੋਗ ਤੁਸੀ ਆਪਣੇ ਸ਼ੌਕ ਨੂੰ ਪੂਰਾ ਕਰਨ ਦੇ ਲਈ ਜਿਵੇਂ ਕਿਤਾਬ ਪੜ੍ਹਨੀ ਜਾਂ ਪਸੰਦੀਦਾ ਸੰਗੀਤ ਸੁਣਨਾ। ਇਸ ਗੱਲ ਦੀ ਪ੍ਰਬਲ ਸੰਭਾਵਨਾ ਹੈ ਕਿ ਤੁਹਾਡੇ ਆਸ ਪਾਸ ਦੇ ਲੋਕ ਤੁਹਾਡੇ ਦੋਨਾਂ ਦੇ ਵਿਚਕਾਰ ਮਤਭੇਦ ਪੈਦਾ ਕਰ ਸਕਦੇ ਹਨ ਬਾਹਰੀ ਲੋਕਾ ਦੀਆਂ ਗੱਲਾਂ ਤੇ ਧਿਆਨ ਦੇਣਾ ਠੀਕ ਨਹੀਂ ਹੈ।

ਕੁੰਭ: ਕਿਸੇ ਦੋਸਤ ਦੇ ਨਾਲ ਗਲਤਫਹਿਮੀ ਅਪ੍ਰਿਯ ਹਾਲਾਤ ਖੜੇ ਕਰ ਸਕਦੀ ਹੈ ਕਿਸੇ ਵੀ ਫੈਸਲੇਂ ਤੇ ਪਹੁੰਚਣ ਤੋਂ ਪਹਿਲਾਂ ਸੰਤੁਲਿਤ ਨਜ਼ਰੀਏ ਨਾਲ ਦੋਨਾਂ ਪੱਖਾਂ ਨੂੰ ਪਰਖੋ। ਅੱਜ ਪੈਸੇ ਦਾ ਆਉਣਾ ਤੁਹਾਨੂੰ ਕਈਂ ਮੁਸ਼ਕਿਲਾਂ ਤੋਂ ਦੂਰ ਕਰ ਸਕਦਾ ਹੈ। ਦੋਸਤਾਂ ਦੇ ਨਾਲ ਸਰਗਰਮੀਆਂ ਕਰਨਾ ਮਜ਼ੇਦਾਰ ਰਹੇਗਾ ਪਰੰਤੂ ਜ਼ਿਆਦਾ ਪੈਸੇ ਖਰਚ ਨਾ ਕਰੋ ਨਹੀਂ ਤਾਂ ਤੁਸੀ ਖਾਲੀ ਜੇਬ ਲੈ ਕੇ ਘਰ ਆਵੋਂਗੇ। ਅੱਜ ਆਪਣੇ ਪਿਆਰੇ ਨੂੰ ਮਾਫ ਕਰਨਾ ਨਾ ਭੁੱਲੋ। ਫੈਂਸਲੇ ਲੈਂਦੇ ਸਮੇਂ ਆਪਣੇ ਅਹਮ ਨੂੰ ਵਿਚ ਨਾ ਆਉਣ ਦਿਉ ਸੁਣੋ ਕਿ ਅਧੀਨ ਕੰਮ ਕਰਨ ਵਾਲਿਆਂ ਦਾ ਕੀ ਕਹਿਣਾ ਹੈ। ਖੇਡ ਜੀਵਨ ਦਾ ਮਹੱਤਵਪੂਰਨ ਭਾਗ ਹੈ ਪਰੰਤੂ ਖੇਡ ਵਿਚ ਇਨਾਂ ਵੀ ਨਾ ਵਿਅਸਤ ਹੋ ਜਾਵੋ ਕਿ ਤੁਹਾਡੀ ਸਿੱਖਿਆ ਤੇ ਪ੍ਰਭਾਵ ਪਵੇ। ਤੁਹਾਨੂੰ ਸ਼ਾਇਦ ਤੁਹਾਡੀ ਵਿਆਹੁਤਾ ਜ਼ਿੰਦਗੀ ਬੋਰਿੰਗ ਲੱਗ ਰਹੀ ਹੋਵੇ, ਕੁਝ ਰੋਮਾਂਚਕ ਲੱਭੋ।

ਮੀਨ: ਨਿਰਾਸ਼ਾਵਾਦੀ ਨਜ਼ਰੀਏ ਤੋਂ ਬਚੋ ਕਿਉਂ ਕਿ ਨਾ ਸਿਰਫ ਇਹ ਤੁਹਾਡੀ ਸੰਭਾਵਨਾ ਨੂੰ ਘੱਟ ਕਰ ਦੇਵੇਗਾ ਬਲ ਕਿ ਸਰੀਰ ਦੇ ਅਤਿਰਿਕਤ ਸੰਤੁਲਨ ਨੂੰ ਵਿਗਾੜ ਦੇਵੇਗਾ। ਅੱਜ ਕਈਂ ਲੈਣਦਾਰ ਤੁਹਾਡੇ ਕੋਲ ਆ ਸਕਦੇ ਹਨ ਅਤੇ ਤੁਹਾਡੇ ਤੋਂ ਪੈਸੇ ਉਧਾਰ ਮੰਗ ਸਕਦੇ ਹਨ ਉਨਾਂ ਦੇ ਪੈਸੇ ਵਾਪਸ ਕਰਕੇ ਤੁਸੀ ਆਰਥਿਕ ਤੰਗੀ ਵਿਚ ਆ ਸਕਦੇ ਹੋ ਤੁਹਾਨੂੰ ਸਲਾਹ ਦਿੱਤੀ

ਪੰਜਾਬ ਸਟਾਰ www.punjabstar.com

ਕਿਵੇਂ ਬੋਲੀਏ ਕੋਇਲ ਜਿਹਾ ਮਿੱਠਾ?

ਪਾਠਕੋ, ਕੀ ਤੁਸੀਂ ਕਦੀ ਰਿਕਾਰਡ ਕੀਤੀ ਹੋਈ ਆਵਾਜ਼ ਸੁਣੀ ਹੈ? ਕਿ ਉਹ ਤੁਹਾਨੂੰ ਚੰਗੀ ਲੱਗੀ ? ਲੋਕ ਤੁਹਾਡੇ ਪਹਿਰਾਵੇ, ਅਦਾਵਾਂ ਅਤੇ ਉੱਠਣ- ਬੈਠਣ ਦੇ ਢੰਗ ਦੇ ਨਾਲ- ਨਾਲ ਆਪਦੇ ਬੋਲਣ ਤੋਂ ਵੀ ਪ੍ਰਭਾਵਿਤ ਹੁੰਦੇ ਹਨ। ਜਦੋਂ ਤੁਸੀਂ ਕਿਸੇ ਬੱਚੇ ਨਾਲ ਗੱਲ ਕਰ ਰਹੇ ਹੁੰਦੇ ਹੋ, ਤਦ ਕੀ ਤੁਹਾਡਾ ਸੁਰ ਖ਼ੁਦ ਤੇਜ਼ ਹੋ ਜਾਂਦਾ, ਜਿਵੇਂ ! ਓਏ ਮਨੂੰ ਇੱਥੇ ਆ ।'ਦੂਜੇ ਪਾਸੇ ਕਿਸੇ ਵੱਡੇ ਆਦਮੀ ਨਾਲ ਬੋਲਣ ਵੇਲੇ ਸੁਰ ਗੰਭੀਰ ਹੋ ਜਾਂਦਾ ਹੈ, ਜਿਵੇਂ 'ਭਰਾ ਜੀ' ਜ਼ਰਾ ਇੱਥੇ ਆਓ।' ਸੁਰਾਂ ਦੇ ਵਿੱਚ ਫਰਕ ਦਾ ਸਮਝਦਾਰੀ ਨਾਲ ਪ੍ਰਯੋਗ ਕਰਕੇ ਬਾਣੀ ਨੂੰ ਰੋਚਕ ਅਤੇ ਅਸਰਦਾਰ ਬਣਾਇਆ ਜਾ ਸਕਦਾ ਹੈ। ਗਲਤ ਬੋਲਣ ਨਾਲ ਗੱਲ ਦਾ ਮਤਲਬ ਇਹ ਬਦਲ ਜਾਂਦਾ ਹੈ। ਉਦਾਹਰਨ ਦੇ ਤੌਰ 'ਤੇ ਹੇਠ ਲਿਖੇ ਵਾਕ ਨੂੰ ਵੇਖੋ।

'ਮੈਨੂੰ ਆਪਣੇ ਘਰ ਬੁਲਾਉਣ ਲਈ ਧੰਨਵਾਦ' ਸੁਰ ਦੀ ਬਦਲੀ ਨਾਲ ਇਹੀ ਵਾਕ ਪੰਜਾਂ ਭਾਵਾਂ ਵਿੱਚ ਕਿਹਾ ਜਾ ਸਕਦਾ ਹੈ। ਸ਼ੁੱਧ ਹਿਰਦੇ ਨਾਲ ਬੋਲ ਕੇ ਵਿਅੰਗ ਭਰਿਆ ਤਾਨ੍ਹਾ ਮਾਰਦੇ ਹੋਏ, ਹੈਰਾਨੀ ਨਾਲ, ਗੁੱਸੇ ਨਾਲ ਅਤੇ ਬਹੁਤ ਸ਼ੁਕਰਗੁਜ਼ਾਰੀ ਨਾਲ।

ਉਚਾਰਨ ਦੇ ਮਾਮਲੇ ਵਿੱਚ ਜ਼ਿਆਦਾਤਰ ਲੋਕਾਂ ਦੀ ਪਹਿਲੀ ਸਮੱਸਿਆ ਇਹ ਹੁੰਦੀ ਕਿ ਸੁਰਾਂ ਵਿੱਚ ਬਹੁਤ ਘੱਟ ਤਬਦੀਲੀ ਲਿਆਉਂਦੇ ਹਨ ।ਇਸ ਨਾਲ ਉਹਨਾਂ ਦਾ ਬੋਲਣਾ ਬੋਰ ਜਿਹਾ ਲੱਗਣ ਲੱਗਦਾ ਹੈ। ਆਓ ਉਚਾਰਨ ਬਦਲਣ ਦੀਆਂ ਬਰੀਕੀਆਂ ਨੂੰ ਸਮਝਣ ਦਾ ਯਤਨ ਕਰੀਏ।

ਸੁਰ ਦਾ ਅਭਿਆਸ----

ਕਿਸੇ ਵਾਕ ਦੇ ਮੁੱਖ ਸ਼ਬਦਾਂ ਦੀਆਂ ਮਾਤਰਾਵਾਂ ਤੇ ਜ਼ੋਰ ਦੇਣ ਦਾ ਅਭਿਆਸ ਕਰੀਏ ।ਚੁਣੋ ਕਿ ਕਿਹੜਾ ਸ਼ਬਦ ਜ਼ੋਰ ਨਾਲ ਕਿਹਾ ਜਾਵੇ। ਮਿਸਾਲ ਦੇ ਤੌਰ 'ਤੇ ਜੇਕਰ ਕਿਹਾ ਜਾਵੇ -- 'ਇਹ ਪੁਸਤਕ ਮੇਰੀ ਹੈ' ਪਹਿਲਾਂ 'ਇਹ' ਸ਼ਬਦ 'ਤੇ ਜ਼ੋਰ ਪਾਓ, ਫੇਰ 'ਮੇਰੀ' ਤੇ ਅਤੇ ਅੰਤ ਵਿੱਚ 'ਹੈ' 'ਤੇ। ਤੁਹਾਨੂੰ ਮਹਿਸੂਸ ਹੋਵੇਗਾ ਕਿ ਹਰ ਵਾਰ ਵਾਕ ਦਾ ਅਸਰ 'ਭਿੰਨ' ਹੋ ਜਾਂਦਾ ਹੈ। ਉੱਥੇ ਹੀ 'ਮੇਰੀ' 'ਤੇ ਜ਼ੋਰ ਪਾਉਣਾ ਬੱਚਿਆਂ ਵਰਗਾ ਨਜ਼ਰ ਆਉਂਦਾ ਹੈ। 'ਪੁਸਤਕ' ਜਾਂ 'ਹੈ' ਸ਼ਬਦ 'ਤੇ ਜ਼ੋਰ ਪਾਉਣ ਨਾਲ ਅਜੀਬ ਜਿਹੀ ਭੱਦੀ ਭਾਵਨਾ ਪੈਦਾ ਹੁੰਦੀ ਹੈ ।ਇਸੇ ਤਰ੍ਹਾਂ ਹੋਰ ਵਾਕਾਂ ਦਾ ਅਭਿਆਸ ਕਰੋ ਅਤੇ ਆਪਣੀ ਰੋਜ਼ ਦੀ ਗੱਲਬਾਤ ਵਿੱਚ ਇਸ ਪ੍ਰਭਾਵ ਨੂੰ ਦਰਸਾਉਣ ਦੀ ਕੋਸ਼ਿਸ਼ ਕਰੋ ।ਕੁਝ ਕਵਿਤਾਵਾਂ ਨੂੰ ਜ਼ੋਰ ਨਾਲ ਪੜ੍ਹੋ । ਤੁਸੀਂ ਇੱਕ ਹੀ ਸੁਰ ਵਿੱਚ ਕਵਿਤਾਵਾਂ ਨੂੰ ਨਹੀਂ ਪੜ੍ਹ ਸਕਦੇ। ਬਾਣੀ ਵਿੱਚ ਆਪਣੇ ਆਪ ਉਤਾਰ- ਚੜ੍ਹਾਅ ਆ ਜਾਂਦਾ ਹੈ ।ਚਾਲ ਹੌਲੀ -ਹੌਲੀ ਜਾਂ ਤੇਜ਼ ਹੋ ਜਾਂਦੀ ਹੈ । ਲਹਿਜ਼ੇ ਵਿੱਚ ਵੀ ਬਦਲਾਅ ਆ ਜਾਂਦਾ ਹੈ। ਇਹੀ ਖੂਬਸੂਰਤੀ ਸਾਨੂੰ ਵਾਰਤਕ ਵਿੱਚ ਵੀ ਲਿਆਉਣੀ ਚਾਹੀਦੀ ਹੈ। ਇਹਦੇ ਲਈ ਸ਼ਬਦਾਂ ਨੂੰ ਪੇਟ ਵਿੱਚੋਂ ਕੱਢੋ ਨਾ ਕੇ ਨਾਸਾਂ ਵਿੱਚੋਂ । ਹਾਂ ਫਾ ਭਾ ਜਿਹੇ ਵਰਨਾਂ ਦਾ ਉਚਾਰਨ ਪੇਟ ਦੀ ਹਵਾ ਨੂੰ ਜ਼ੋਰ ਨਾਲ ਬਾਹਰ ਸੁੱਟ ਕੇ ਕਰੋ।

ਬੋਲਣ ਦੀ ਰਫ਼ਤਾਰ --

ਸੁਰ ਦੇ ਬਾਅਦ ਅਗਲੀ ਸਮੱਸਿਆ ਹੈ ,ਬੋਲਣ ਦੀ ਰਫ਼ਤਾਰ। ਯਾਦ ਰੱਖੋ ਕਿ ਬੋਲਣ ਦੀ ਕਿਰਿਆ ਵਿੱਚ ਹਵਾ ਦਾ ਉਹੀ ਮਹੱਤਵ ਹੈ ਜਿਹੜਾ ਕਾਰ ਵਿੱਚ ਪੈਟਰੋਲ ਦਾ ਹੁੰਦਾ ਹੈ। ਜਿੰਨੀ ਵੱਧ ਹਵਾ ਹੋਵੇਗੀ ਉਹਨੀ ਹੀ ਆਵਾਜ਼ ਉੱਚੀ ਹੋਵੇਗੀ। ਗੁਬਾਰਾ ਫੈਲਾਉਣਾ ਇੱਕ ਉੱਤਮ ਅਭਿਆਸ ਹੈ। ਇਹਦੇ ਨਾਲ ਤੁਹਾਡੀ ਸਿਹਤ ਵੀ ਬਣੇਗੀ ਅਤੇ ਉਚਾਰਨ ਵੀ ਸਹੀ ਹੋਵੇਗਾ।

ਵਿਰਾਮ ਦਾ ਮਹੱਤਵ----

ਪੜ੍ਹਦੇ ਵੇਲੇ ਪੂਰਨ ਵਿਰਾਮ ਤੇ ਇੱਕ ਸਕਿੰਟ ਰੁਕੋ, ਅਰਧ- ਵਿਰਾਮ ਤੇ ਇੱਕ ਪਲ ਲਈ ਰੁਕੋ। ਵਿਰਾਮ ਜਾਂ ਅਰਧ-ਵਿਰਾਮ ਤੇ ਰੁਕਣਾ ਆਪ ਦੇ ਬੋਲਣ ਦੀ ਸ਼ੈਲੀ ਨੂੰ ਪ੍ਰਭਾਵਸ਼ਾਲੀ ਬਣਾ ਸਕਦਾ ਹੈ।

ਕੁਝ ਦੂਜੇ ਅਭਿਆਸ---

ਆਪਣਾ ਚਿਹਰਾ ਉੱਪਰ ਕਰਕੇ ਸੁਣਨ ਵਾਲਿਆਂ ਵੱਲ ਮੂੰਹ ਕਰਕੇ ਖਾਸ ਤਰੀਕੇ ਨਾਲ ਬੋਲਣ ਦੀ ਕੋਸ਼ਿਸ਼ ਕਰੋ। ਅਸੀਂ ਉਸ ਲੈਕਚਰ ਤੋਂ ਜਾਣੂ ਹਾਂ, ਜਿਹੜੇ ਆਪਣਾ ਸਾਰਾ ਲੈਕਚਰ ਬਲੈਕ ਬੋਰਡ ਤੇ ਹੀ ਦੇ ਦਿੰਦਾ ਹੈ। ਜਾਂ ਉਹ ਅਫ਼ਸਰ, ਜਿਹੜਾ ਕਿਸੇ ਮੀਟਿੰਗ ਵਿੱਚ ਆਪਣੀ ਬੋਲੀ ਆਪਣੇ ਪੈਨ (ਕਲਮ) ਨੂੰ ਹੀ ਦੇ ਦਿੰਦਾ ਹੈ। ਨਜ਼ਰਾਂ ਮਿਲਾ ਕੇ ਗੱਲ ਨਾ ਕਰਨ ਨਾਲ ਇਹੋ ਜਿਹੇ ਲੋਕਾਂ ਦਾ ਪ੍ਰਭਾਵ ਅੱਧਾ ਰਹਿ ਜਾਂਦਾ ਹੈ। ਟੀ.ਵੀ. 'ਤੇ ਸਮਾਚਾਰ ਪੜ੍ਹਣ ਵਾਲੇ ਨਿਊਜ਼ ਰੀਡਰਜ਼ ਦੇ ਬੋਲਣ ਦਾ ਤਰੀਕਾ ਦੇਖੋ। ਉਹਨਾਂ ਦੀ ਤਰ੍ਹਾਂ ਉਚਾਰਨ ਕਰਨ ਦੀ ਕੋਸ਼ਿਸ਼ ਕਰੋ । ਨਿਊਜ਼ ਰੀਡਰਜ਼ ਤਾਂ ਆਪਣੀ ਬਾਣੀ ਨੂੰ ਅਸਰਦਾਰ ਬਣਾ ਕੇ ਆਪਣਾ ਕੈਰੀਅਰ ਬਣਾ ਚੁੱਕੇ ਹਨ। ਆਪ ਵੀ ਆਪਣੇ ਵਾਕਾਂ , ਉਤਾਰ- ਚੜ੍ਹਾਅ ਲਿਆ ਕੇ ਅਤੇ ਵਿਸ਼ਵਾਸ ਪੂਰਵਕ ਬੋਲ ਕੇ ਆਪਣੇ ਉਚਾਰਨ ਨੂੰ ਪ੍ਰਭਾਵਸ਼ਾਲੀ ਬਣਾ ਸਕਦੇ ਹੋ।

ਆਪ ਜੀ ਦਾ ਸ਼ੁਭ ਚਿੰਤਕ ਪਾਠਕ।
ਡਾਕਟਰ ਨਰਿੰਦਰ ਭੱਪਰ ਝਬੇਲਵਾਲੀ।
ਪਿੰਡ ਤੇ ਡਾਕਖਾਨਾ ਝਬੇਲਵਾਲੀ।
ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ।
6284145349

ਕਹਾਣੀ

ਜੱਟੀਏ ਪੰਜਾਬ ਦੀਏ

ਨਿਮਰਤ ਆਪਣੀ ਨਾਨੀ ਨਾਲ਼ ਖੇਡ ਰਹੀ ਸੀ। ਖੇਡਦੀ ਹੋਈ ਉਹ ਕੋਈ ਗੀਤ ਵੀ ਗਾ ਰਹੀ ਸੀ। ਨਿਮਰਤ ਦੀ ਨਾਨੀ ਅਜੇ ਪਿੱਛਲੇ ਮਹੀਨੇ ਹੀ ਕੈਨੇਡਾ ਆਈ ਹੈ। ਕੈਨੇਡਾ ਦੀ ਮਾੜੀ ਆਰਥਿਕ ਸਥਿਤੀ ਦਾ ਨਤੀਜਾ ਸੀ ਕਿ ਨਿਮਰਤ ਦੀ ਮੰਮੀ ਨੂੰ ਹੁਣ ਘਰ ਦਾ ਗੁਜ਼ਾਰਾ ਚਲਾਉਣ ਲਈ ਦੋ ਜੌਬਾਂ ਕਰਨੀਆਂ ਪੈ ਰਹੀਆਂ ਸਨ। ਇਸ ਲਈ ਸਕੂਲ ਤੋਂ ਵਾਪਸ ਆਈ ਨਿਮਰਤ ਦੀ ਦੇਖ-ਭਾਲ਼ ਲਈ ਕਿਸੇ ਦੀ ਲੋੜ ਸੀ। ਹਾਲਾਂਕਿ ਸਕੂਲ ਤੋਂ ਤਿੰਨ ਵਜੇ ਛੁੱਟੀ ਹੋ ਜਾਂਦੀ ਸੀ ਪਰ ਨਿਮਰਤ ਛੇ ਵਜੇ ਵਾਪਸ ਆਉਂਦੀ ਸੀ ਕਿਉਂਕਿ ਉਹ ਸਕੂਲ ਟਾਈਮ ਤੋਂ ਬਾਅਦ ਵਾਲੇ ਪ੍ਰੋਗਰਾਮ ਵਿਚ ਵੀ ਦਾਖ਼ਲ ਹੈ। ਨਿਮਰਤ ਨੇ ਆਪਣੀ ਨਾਨੀ ਨੂੰ ਆਵਾਜ ਮਾਰੀ ਤੇ ਕਿਹਾ, ' ਨਾਨੀ ਇਹ ਗੀਤ ਸੁਣੋ, ਜੱਟੀਏ ਪੰਜਾਬ ਦੀਏ,, '। ਨਿਮਰਤ ਨੂੰ ਬੱਸ ਏਨਾ ਕੁ ਹੀ ਯਾਦ ਸੀ। ' ਬਹੁਤ ਵਧੀਆ ਨਿਮਰਤ, ਇਹ ਤੂੰ ਕਿੱਥੋਂ ਸਿੱਖਿਆ? ਨਿਮਰਤ ਦੀ ਨਾਨੀ ਨੇ ਉਤਸੁਕਤਾ ਨਾਲ਼ ਪੁੱਛਿਆ। ' ਨਾਨੀ ਇਹ ਗੀਤ ਮੈਂ ਪਿੱਛਲੇ ਹਫ਼ਤੇ ਆਪਣੀ ਸਹੇਲੀ ਦੇ ਜਨਮ ਦਿਨ ਪਾਰਟੀ ਵਿਚ ਸੁਣਿਆਂ ਸੀ '। ਨਿਮਰਤ ਪੁੱਛਣ ਲੱਗੀ, 'ਨਾਨੀ ਪੰਜਾਬ ਵਿਚ...'। ਦਰਵਾਜੇ ਦੀ ਘੰਟੀ ਨੇ ਨਿਮਰਤ ਦਾ ਸਵਾਲ ਪੂਰਾ ਨਾ ਹੋਣ ਦਿੱਤਾ।

ਦਰਵਾਜੇ 'ਤੇ ਨਿਮਰਤ ਦੀ ਮੰਮੀ ਪਰਮਿੰਦਰ ਸੀ। ' ਮੰਮੀ ਤੁਸੀਂ ਅੱਜ ਜਲਦੀ ਘਰ ਆ ਗਏ? ' ਨਿਮਰਤ ਨੇ ਕਾਹਲੀ ਨਾਲ ਮੰਮੀ ਨੂੰ ਜੱਫੀ ਪਾ ਲਈ। 'ਮੰਮੀ ਅੱਜ ਤੁਸੀਂ ਮੇਰੇ ਲਈ ਕੀ ਲੈ ਕੇ ਆਏ ਹੋ?' 'ਮੈਂ ਤੁਹਾਡੇ ਲਈ ਡੋਨਟ ਲੈ ਕੇ ਆਈ ਹਾਂ'। ਨਿਮਰਤ ਦੀ ਮੰਮੀ ਨੇ ਪਰਸ ਵਿਚੋਂ ਟਿਮ ਹਾਰਟਨ ਡੋਨਟਸ ਦਾ ਪੈਕ ਕੱਢ ਕੇ ਨਿਮਰਤ ਨੂੰ ਦਿੱਤਾ। ਨਿਮਰਤ ਡੋਨਟ ਲੈ ਕੇ ਸੋਫ਼ੇ 'ਤੇ ਬੈਠ ਗਈ। 'ਪਰਮਿੰਦਰ ਅੱਜ ਤੁਸੀਂ ਜਲਦੀ ਵਾਪਸ ਆ ਗਏ?' 'ਹਾਂ ਮੰਮਾ ਅੱਜ ਕੋਈ ਕੰਮ ਨਹੀਂ ਸੀ ਤੇ ਮੈਨੇਜਰ ਨੇ ਮੈਨੂੰ ਜਲਦੀ ਘਰ ਭੇਜ ਦਿੱਤਾ'। ਪਰਮਿੰਦਰ ਨੇ ਉਦਾਸ ਹੁੰਦਿਆਂ ਕਿਹਾ। ਇਹ ਪੂਰਾ ਹਫ਼ਤਾ ਜੌਬ ਦਾ ਇਹੋ ਹਾਲ ਰਿਹਾ। ਮੈਨੂੰ ਸਮਝ ਨਹੀਂ ਲੱਗ ਰਹੀ ਕਿ ਇਸ ਮਹੀਨੇ ਦਾ ਰੈਂਟ ਕਿਵੇਂ ਦੇਣਾ ਹੈ ਤੇ ਨਿਮਰਤ ਦੇ ਡੈਡੀ ਨੂੰ ਪੈਸੇ ਕਿਵੇਂ ਭੇਜਣੇ ਹਨ'। ' ਚਿੰਤਾ ਨਾ ਕਰ ਧੀਏ, ਰੱਬ ਕੋਈ ਰਸਤਾ ਲੱਭ ਦੇਵੇਗਾ। ਉਸ ਪਾਰਟ ਟਾਈਮ ਕੰਮ ਦਾ ਕੀ ਬਣਿਆਂ ਜੋ ਤੁਸਾਂ ਸ਼ੁਰੂ ਕੀਤਾ ਸੀ? ਹੁੰਗਾਰਾ ਭਰਿਆ ਕਿਸੇ ਨੇ?' 'ਹਾਂ ਮੰਮਾ, ਮੈਨੂੰ ਕੁਝ ਕਾਲਾਂ ਆਈਆਂ ਹਨ। ਪਰ ਮੈਨੂੰ ਲੋਕਾਂ ਦੇ ਘਰਾਂ ਵਿਚ ਸਫ਼ਾਈ ਕਰਨੀ ਤੇ ਬਾਥਰੂਮ ਸਾਫ਼ ਕਰਨੇ ਪਸੰਦ ਨਹੀਂ'। ਪਰਮਿੰਦਰ ਨੇ ਨਿਰਾਸ਼ਾ ਨਾਲ ਕਿਹਾ, ' ਮੈਂ ਪ੍ਰੋਜੈਕਟ ਮੈਨੇਜਮੈਂਟ ਦੀ ਪੜ੍ਹਾਈ ਕਰ ਰਹੀ ਹਾਂ ਤੇ ਮੈਨੂੰ ਇਹ ਉਮੀਦ ਨਹੀਂ ਸੀ ਕਿ ਇਥੇ ਕੈਨੇਡਾ ਵਿਚ ਆ ਕੇ ਵੀ ਮੈਨੂੰ ਲੋਕਾਂ ਦੇ ਘਰਾਂ ਵਿਚ ਸਫ਼ਾਈ ਕਰਨੀ ਪਵੇਗੀ'। ' ਚਿੰਤਾ ਨਾ ਕਰੋ ਬੇਟੀ, ਔਖੇ ਸਮੇਂ ਵਿਚ ਸਾਨੂੰ ਇਹ ਕੰਮ ਵੀ ਕਰਨਾ ਪਵੇਗਾ। ਹੁਣ ਤੂੰ ਆਪ ਹੀ ਦੱਸਦੀ ਹੈਂ ਕਿ ਇਥੇ ਜੌਬਾਂ ਨਹੀਂ ਹਨ। ਸਟੱਡੀ ਵੀਜੇ 'ਤੇ ਆਏ ਬੱਚੇ ਵਿਹਲੇ ਫਿਰਦੇ ਹਨ। ਨਾਲੇ ਇਹ ਤਾਂ ਆਪਣਾ ਪਰਿਵਾਰਕ ਕਿੱਤਾ ਹੈ। ਅਸੀਂ ਭਾਰਤ ਵਿਚ ਪੀੜ੍ਹੀਆਂ ਤੋਂ ਇਹ ਕੰਮ ਕਰਦੇ ਆ ਰਹੇ ਹਾਂ'। ਨਿਮਰਤ ਦੀ ਨਾਨੀ ਨੇ ਵਿਸ਼ਵਾਸ਼ ਦੁਆਇਆ। ' ਪਰ ਉਹ ਭਾਰਤ ਸੀ ਇਹ ਕੈਨੇਡਾ ਹੈ। ਮੈਂ ਇਥੇ ਵੀ ਇਹ ਕਲੰਕ ਗਲ਼ ਨਹੀਂ ਪਾਉਣਾ ਚਾਹੁੰਦੀ'। ਪਰਮਿੰਦਰ ਦੀ ਖਿਝ ਬੋਲ ਰਹੀ ਸੀ। ਉਂਝ ਪਰਮਿੰਦਰ ਦੋ ਦੋ ਜੌਬਾਂ ਕਰਕੇ ਪੈਸੇ ਜੋੜਨਾ ਚਾਹੁੰਦੀ ਹੈ ਤਾਂ ਜੋ ਨਿਮਰਤ ਦਾ ਡੈਡੀ ਵੀ ਜਲਦੀ ਕੈਨੇਡਾ ਆ ਜਾਵੇ। ਸੋਚ ਰਹੀ ਸੀ, 'ਕੱਲ ਮੈਂ ਸਿਮਰਨ ਦੀਦੀ ਦੇ ਘਰ ਕੰਮ ਲਈ ਜਾਵਾਂਗੀ। ਸ਼ਾਇਦ ਕੁਝ ਹੋਰ ਘਰਾਂ ਦੇ ਰੈਫ਼ਰੈਂਸ ਮਿਲ ਜਾਣ। ਇਸ ਸੋਚ ਨੇ ਉਸਨੂੰ ਥੋੜ੍ਹਾ ਧਰਵਾਸ ਦਿੱਤਾ। ਪਰਮਿੰਦਰ ਰਾਤ ਦੇ ਖਾਣੇ ਦੀ ਤਿਆਰੀ ਕਰਨ ਲਈ ਰਸੋਈ ਵਿਚ ਚਲੀ ਗਈ। ਨਾਨੀ ਨਿਮਰਤ ਨੂੰ ਲੱਭਣ ਲੱਗੀ ਜੋ ਸੋਫ਼ੇ 'ਤੇ ਬੈਠੀ ਡੋਨਟ ਦਾ ਆਨੰਦ ਲੈ ਰਹੀ ਸੀ। ਡੋਨਟ ਖਤਮ ਕਰਕੇ ਨਿਮਰਤ ਆਪਣੀ ਨਾਨੀ ਕੋਲ ਆਈ ਤੇ ਜੱਟੀਏ ਪੰਜਾਬ ਦੀਏ.. ਗਾਣਾ ਦੁਬਾਰਾ ਗਾਉਣ ਲੱਗੀ। ਨਿਮਰਤ ਨੂੰ ਅਚਾਨਕ ਆਪਣਾ ਸਵਾਲ ਯਾਦ ਆਇਆ। ਉਸ ਨਾਨੀ ਨੂੰ ਪੁੱਛਿਆ, 'ਨਾਨੀ ਕੀ ਪੰਜਾਬ ਵਿਚ ਕੁੜੀ ਨੂੰ ਜੱਟੀਏ ਕਿਹਾ ਜਾਂਦਾ ਹੈ?'

ਨਿਮਰਤ ਦੀ ਨਾਨੀ ਨੇ ਮੁਸਕਰਾਉਂਦੇ ਹੋਏ ਕਿਹਾ 'ਹਾਂ ਧੀਏ'। ਨਿਮਰਤ ਗੀਤ ਗਾਉਂਦੀ ਵਾਪਸ ਚਲੀ ਗਈ, ' ਜੱਟੀਏ ਪੰਜਾਬ ਦੀਏ ਫੁੱਲ ਨੀ ਗੁਲਾਬ ਦੀਏ..'। ਉਸ ਕੁਝ ਦੇਰ ਰੁਕ ਕੇ ਸੋਚਿਆ ਤੇ ਫਿਰ ਨਾਨੀ ਵੱਲ ਮੁੜੀ, ' ਨਾਨੀ ਕੀ ਮੈਂ ਵੀ ਜੱਟੀ ਹਾਂ? 'ਨਿਮਰਤ ਦੀ ਨਾਨੀ ਜਲਦੀ ਜਵਾਬ ਨਾ ਦੇ ਸਕੀ। ਉਸ ਨੇ ਨਿਮਰਤ ਨੂੰ ਸਮਝਾਉਣ ਬਾਰੇ ਸੋਚਿਆ। ਫਿਰ ਉਸ ਆਪਣਾ ਇਹ ਫੈਸਲਾ ਬਦਲ ਲਿਆ, ' ਹਾਂ ਪੁੱਤਰ ਤੁਸੀਂ ਵੀ ਹੋ'। ਨਿਮਰਤ ਦੇ ਚਿਹਰੇ 'ਤੇ ਖੁਸ਼ੀ ਸੀ। ਉਹ ਨੱਚਦੀ ਗਾਉਂਦੀ ਆਪਣੀ ਮਾਂ ਕੋਲ ਚਲੇ ਗਈ। ਨਾਨੀ ਦੀ ਸਿਆਣਪ ਨਾਲ਼ ਨਿਮਰਤ ਆਪਣੇ ਪਰਿਵਾਰ ਦੇ ਸਦੀਆਂ ਪੁਰਾਣੇ ਸਮਾਜਿਕ ਕਲੰਕ ਤੋਂ ਮੁਕਤ ਸੀ।

ਵਿਕਰਾਂਤ ਸਿੰਘ ਛੱਜਲਵੱਡੀ
+1 6474065659

ਇੱਜ਼ਤ ਕਰਨ ਦਾ ਤਰੀਕਾ...!

ਇੱਜ਼ਤ ਕਰਨ ਦੀ ਸਭ ਤੋਂ ਵਧੀਆ ਵਿਧਾ ਹੈ ਕਿਸੇ ਦੀ ਗੱਲ ਸੁਣਨਾ। ਜੇਕਰ ਅਸੀ ਕਿਸੇ ਦੀ ਇੱਜ਼ਤ ਕਰਦੇ ਹਾਂ ਤਾਂ ਸਾਨੂੰ ਉਸ ਦੀ ਗੱਲ ਧਿਆਨ ਨਾਲ ਸੁਣਨੀ ਚਾਹੀਦੀ ਹੈ। ਮਨੁੱਖ ਦੀ ਹੋਂਦ ਦਰਅਸਲ ਉਸ ਦੇ ਵਿਚਾਰ ਹੀ ਹੁੰਦੇ ਹਨ।

ਕਿਸੇ ਦੀ ਗੱਲ ਧਿਆਨ ਨਾਲ ਸੁਣਨਾ ਉਸ ਨੂੰ ਸਮਝਣਾ ਹੈ।

ਕਿਸੇ ਦੀ ਇੱਜ਼ਤ ਕਰਨ ਦਾ ਮਤਲਬ ਉਸ ਦੇ ਵਿਚਾਰਾਂ ਦੀ ਇੱਜ਼ਤ ਕਰਨਾ ਹੈ। ਜਦ ਤੁਸੀਂ ਕਹਿੰਦੇ ਹੋ ਕਿ ਮੈਂ ਇਸ ਵਿਅਕਤੀ ਦੀ ਬਹੁਤ ਇੱਜ਼ਤ ਕਰਦਾ ਹਾਂ ਪਰ ਉਸ ਦੀ ਗੱਲ ਨਹੀਂ ਸੁਣਦੇ ਤਾਂ ਅਸਲ ਵਿੱਚ ਤੁਸੀਂ ਉਸ ਦੀ ਇੱਜ਼ਤ ਨਹੀਂ ਕਰਦੇ।

ਕੋਈ ਵੀ ਵਿਅਕਤੀ ਆਪਣੇ ਵਿਚਾਰਾਂ ਵਿੱਚ ਆਪਣੀ ਜ਼ਿੰਦਗੀ ਦਾ ਤਜਰਬਾ ਰੱਖਦਾ ਹੈ। ਇਹ ਉਸ ਨੇ ਘਰ ਬੈਠ ਕੇ ਹਾਸਲ ਨਹੀਂ ਕੀਤਾ ਹੁੰਦਾ। ਜ਼ਿੰਦਗੀ ਦੀਆਂ ਉੱਚੀਆਂ ਨੀਵੀਆਂ, ਔਖੀਆਂ-ਸੌਖੀਆਂ ਅਤੇ ਓਝੜ ਰਾਹਾਂ 'ਤੇ ਚਲ ਕੇ ਹਾਸਿਲ ਹੋਇਆ ਤਜਰਬਾ ਹੁੰਦਾ ਹੈ। ਉਸ ਦਾ ਧਿਆਨ ਉਹਦੀ ਜ਼ਿੰਦਗੀ ਦਾ ਸਰਮਾਇਆ ਹੁੰਦਾ ਹੈ।

ਤੁਸੀਂ ਕਿਸੇ ਦੀ ਗੱਲ ਸੁਣ ਉਸ ਦੇ ਹਾਲਾਤ ਤੋਂ ਬਹੁਤ ਕੁਝ ਸਿੱਖ ਸਕਦੇ ਹੋ। ਸਭ ਕੁਝ ਜ਼ਿੰਦਗੀ ਵਿਚ ਵਿਚਰ ਕੇ ਹੀ ਨਹੀਂ ਸਿੱਖਿਆ ਜਾਂਦਾ। ਬਹੁਤ ਕੁਝ ਸੁਣ ਸਮਝ ਕੇ ਸਿੱਖ ਲਿਆ ਜਾਂਦਾ ਹੈ। ਇੱਕ ਬੰਦਾ ਜਿਸ ਨੂੰ ਸਮਝ ਹੋਵੇ ਓਸਦੇ ਕਹਿਣ ਦੇ ਬਾਵਜੂਦ ਤੁਸੀਂ ਨਾ ਮੰਨੋ ਕਿ ਜਿਸ ਰਾਹ ਤੇ ਤੁਸੀਂ ਤੁਰ ਰਹੇ ਹੋ ਉਹ ਠੀਕ ਨਹੀਂ ਹੈ ਤਾਂ ਇਹ ਤੁਹਾਡੇ ਲਈ ਔਖਾ ਤਜ਼ਰਬਾ ਹੋ ਸਕਦਾ ਹੈ। ਇਹ ਜ਼ਰੂਰੀ ਨਹੀਂ ਹੈ ਕਿ ਸਿਰ ਪੜਵਾ ਕੇ ਹੀ ਵਾਪਸ ਆਇਆ ਜਾਵੇ। ਕਿਸੇ ਦੀ ਗੱਲ ਮੰਨ ਕੇ ਰਾਹ ਦੀਆਂ ਦੁਸ਼ਵਾਰੀਆਂ ਸਮਝ ਕੇ ਰਾਹ ਬਦਲਿਆ ਜਾ ਸਕਦਾ ਹੈ।

ਸੁਣ ਕੇ ਗੱਲ ਨੂੰ ਸਮਝਣਾ ਬਹੁਤ ਮਾਇਨੇ ਰੱਖਦਾ ਹੈ। ਤੁਹਾਡਾ ਮੰਨਣਾ ਜਾਂ ਮੰਨਣਾ ਬਾਅਦ ਦੀ ਗੱਲ ਹੈ ਪਰ ਇਕ ਪੱਖ ਜ਼ਰੂਰ ਸਾਹਮਣੇ ਆ ਜਾਂਦਾ ਹੈ। ਕਈ ਵਾਰ ਇਸ ਪੱਖ ਤੇ ਅਸੀਂ ਸੋਚਿਆ ਵੀ ਨਹੀਂ ਹੁੰਦਾ। ਸੋ ਇਹ ਬਹੁਤ ਜ਼ਰੂਰੀ ਹੈ ਕਿ ਗੱਲ ਨੂੰ ਸੁਣਨ ਦੀ ਆਦਤ ਪਾਓ। ਸੁਣ ਕੇ ਤੁਸੀਂ ਬਹੁਤ ਕੁਝ ਸਿੱਖ ਸਕਦੇ ਹੋ। ਆਪਣੇ ਤੋਂ ਵੱਡਿਆਂ ਦੀ ਹੀ ਨਹੀਂ ਛੋਟੇ ਦੀ ਗੱਲ ਵੀ ਸੁਣੋ। ਪਰਮਾਤਮਾ ਨੇ ਦੋ ਕੰਨ ਇਸੇ ਵਾਸਤੇ ਦਿੱਤੇ ਹਨ ਕਿ ਸੁਣਨ ਵੱਲ ਧਿਆਨ ਜ਼ਿਆਦਾ ਦਿੱਤਾ ਜਾਵੇ।

ਸੁਣੋ, ਸਮਝੋ ਇਹ ਗਿਆਨ ਪ੍ਰਾਪਤੀ ਦਾ ਸੌਖਾ ਰਾਹ ਹੈ।

ਹਰਪ੍ਰੀਤ ਕੌਰ ਸੰਧੂ

ਭਾਗ-22

ਤਸਵੀਰ ਜ਼ਿੰ

ਗੁਰੂ ਤੇਗ ਬਹਾਦਰ ਜੀ ਦੀ ਬੇਮਿਸਾਲ ਅਤੇ ਵਿਲੱਖਣ ਸ਼ਹਾਦਤ

ਵਕਤ ਆਪਣੀ ਚਾਲ ਚੱਲਦਾ ਰਹਿੰਦਾ ਹੈ। ਕੋਈ ਵਕਤ ਅਜਿਹਾ ਵੀ ਆਉਂਦਾ ਹੈ ਜਦੋਂ ਕੋਈ ਸ਼ਖਸ਼ੀਅਤ ਆਪਣੇ ਖੂਨ ਨਾਲ ਇਸਦੇ ਸਫ਼ੇ ਤੇ ਕੁਝ ਅਜਿਹਾ ਲਿਖ ਜਾਂਦੀ ਹੈ, ਜੋ ਇਤਿਹਾਸ ਲਈ ਤਾਂ ਸ਼ਾਨਦਾਰ ਹੁੰਦਾ ਹੀ ਹੈ ਆਉਣ ਵਾਲੀਆਂ ਸਦੀਆਂ ਅਤੇ ਯੁੱਗਾਂ ਤੱਕ ਉਹ ਲਿਖਿਆ ਵਿਚਾਰਿਆ ਜਾਂਦਾ ਰਿਹਾ ਹੈ ਅਤੇ ਭਵਿੱਖ ਦੀਆਂ ਸੈਂਕੜੇ ਪੀੜ੍ਹੀਆਂ ਉਸ ਲਿਖੇ ਹੋਏ ਤੋਂ ਸਬਕ ਲੈਂਦੀਆਂ ਹਨ। ਕੁਝ ਆਪਣੀਆਂ ਜਿੰਦਗੀਆਂ ਵਿੱਚ ਇਸ ਲਿਖੇ ਦਾ ਅਨੁਵਾਦ ਕਰਦੇ ਹਨ ਅਤੇ ਇਤਿਹਾਸ ਦੇ ਸੁਨਹਿਰੀ ਪੰਨਿਆਂ ਵਿੱਚ ਇਜ਼ਾਫ਼ਾ ਹੁੰਦਾ ਰਹਿੰਦਾ ਹੈ। ਵੈਸੇ ਤਾਂ ਸਿੱਖ ਇਤਿਹਾਸ ਨੂੰ ਸਾਰੇ ਨੂੰ ਹੀ ਸ਼ਹੀਦਾਂ ਦਾ ਇਤਿਹਾਸ ਕਿਹਾ ਜਾਵੇ ਤਾਂ ਕੋਈ ਅਤਿ-ਕਥਨੀ ਨਹੀਂ ਹੋਵੇਗੀ। ਪਰ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਬਿਲਕੁਲ ਅਨੂਠੀ ਅਤੇ ਲਾ ਮਿਸਾਲ ਹੈ। ਚਾਂਦਨੀ ਚੌਕ ਦਾ ਸੰਦੇਸ਼ ਸੰਸਾਰ ਦੇ ਅਮਨ ਅਤੇ ਨਿਆਂ ਪਸੰਦ ਹਿਰਦਿਆਂ ਲਈ ਪ੍ਰੇਰਨਾ ਦਿੰਦਾ ਰਹੇਗਾ ਅਤੇ ਵਿਸ਼ਵ- ਇਤਿਹਾਸ ਨੂੰ ਮਾਨਵੀ ਅਜਾਦੀ ਅਤੇ ਸਮਾਨਤਾ ਦੇ ਗਾਡੀ ਰਾਹ ਤੇ ਚੱਲਣ ਲਈ ਮਾਰਗ ਦਰਸ਼ਕ ਬਣਿਆ ਰਵੇਗਾ। ਚਾਂਦਨੀ ਚੌਕ ਦੇ ਸਾਕੇ ਦੇ 350ਵੇਂ ਵਰ੍ਹੇ ਤੇ ਕੁਝ ਸ਼ਬਦਾਂ ਰਾਹੀਂ ਸ਼ਹੀਦਾਂ ਦੇ ਡੁੱਲੇ ਖੂਨ ਨੂੰ ਸ਼ਰਧਾਂਜਲੀ ਦੇਣ ਦੀ ਨਿਮਾਣੀ ਜਿਹੀ ਕੋਸ਼ਿਸ਼ ਕਰਦੇ ਹਾਂ।

ਬਹੁਤ ਹੀ ਸੰਖੇਪ ਵਿੱਚ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਤੇ ਝਾਤ ਮਾਰਦੇ ਹਾਂ। ਆਪ ਜੀ ਦਾ ਜਨਮ 1 ਅਪ੍ਰੈਲ 1621 ਈਸਵੀ ਨੂੰ ਪਿਤਾ ਗੁਰੂ ਹਰਗੋਬਿੰਦ ਜੀ ਦੇ ਘਰ ਅਤੇ ਮਾਤਾ ਨਾਨਕੀ ਜੀ ਦੀ ਕੁੱਖੋਂ ਅੰਮ੍ਰਿਤਸਰ ਸ਼ਹਿਰ ਵਿਖੇ ਹੋਇਆ, ਜਿੱਥੇ ਅੱਜ ਗੁਰਦੁਆਰਾ ਗੁਰੂ ਕੇ ਮਹਿਲ ਸੁਸ਼ੋਭਿਤ ਹੈ। ਆਪ ਜੀ ਦਾ ਬਚਪਨ ਦਾ ਨਾਮ ਤਿਆਗ ਮੱਲ ਸੀ।1635 ਈਸਵੀ ਵਿੱਚ ਆਪ ਜੀ ਨੇ ਗੁਰੂ ਹਰਿਗੋਬਿੰਦ ਜੀ ਦੀ ਕਰਤਾਰਪੁਰ ਦੀ ਲੜਾਈ ਵਿੱਚ ਤੇਗ ਦੇ ਐਸੇ ਜੌਹਰ ਦਿਖਾਏ ਕਿ ਗੁਰੂ ਜੀ ਨੇ ਉਹਨਾਂ ਦਾ ਨਾਮ ਤਿਆਗ ਮੱਲ ਤੋਂ ਬਦਲ ਕੇ ਤੇਗ ਬਹਾਦਰ ਕਰ ਦਿੱਤਾ । ਉਨ੍ਹਾਂ ਦਾ ਵਿਆਹ ਲਖਨੌਰ ਪਿੰਡ ਦੇ ਭਾਈ ਲਾਲ ਚੰਦ ਦੀ ਸਪੁੱਤਰੀ ਬੀਬੀ ਗੁਜਰੀ ਨਾਲ 1634 ਈਸਵੀ ਨੂੰ ਹੋਇਆ। ਆਪ ਜੀ ਦੇ ਵਿਆਹ ਤੋਂ 32 ਸਾਲ ਬਾਅਦ ਆਪ ਜੀ ਦੇ ਘਰ ਪੁੱਤਰ ਦਾ ਜਨਮ ਹੋਇਆ, ਜਿਸ ਨੂੰ ਆਪ ਉਦੋਂ ਮਿਲੇ, ਜਦੋਂ ਉਹ 5 ਸਾਲ ਦਾ ਹੋ ਗਿਆ ਸੀ। ਆਪ ਜੀ ਸ਼ੁਰੂ ਤੋਂ ਹੀ ਮਨ ਨੀਵਾਂ ਅਤੇ ਮੱਤ ਉੱਚੀ ਦੇ ਧਾਰਨੀ ਸਨ। ਨੈਤਿਕ ਗੁਣਾਂ ਨਾਲ ਬਚਪਨ ਤੋਂ ਹੀ ਭਰਪੂਰ ਸਨ। 1664 ਈਸਵੀ ਨੂੰ ਆਪ ਜੀ ਨੂੰ ਗੁਰਗੱਦੀ ਮਿਲੀ। ਗੁਰੂ ਹਰਿਕ੍ਰਿਸ਼ਨ ਜੀ ਨੇ 'ਬਾਬਾ ਬਕਾਲੇ' ਆਖ ਕੇ ਅਗਲੇ ਉੱਤਰ ਅਧਿਕਾਰੀ ਵੱਲ ਇਸ਼ਾਰਾ ਕਰ ਦਿੱਤਾ ਸੀ। ਪਰ ਧੀਰਮੱਲੀਆਂ ਅਤੇ ਰਾਮਰਾਈਆਂ ਨੇ ਆਪ ਗੁਰੂ ਬਣਨ ਲਈ 22 ਮੰਜੀਆਂ ਲਗਾ ਲਈਆਂ ਸਨ। ਭਾਈ ਮੱਖਣ ਸ਼ਾਹ ਲੁਬਾਣੇ ਰਾਹੀਂ ਪ੍ਰਗਟ ਹੋਏ ਤੇਗ ਬਹਾਦਰ ਜੀ ਗੁਰੂ ਬਣੇ ਅਤੇ ਸਿੱਖੀ ਪ੍ਰਚਾਰ ਵਿੱਚ ਜੁਟ ਗਏ। ਗੁਰੂ ਬਣਨ ਤੋਂ ਬਾਅਦ ਆਪ ਜੀ ਨੂੰ ਹਰਿਮੰਦਰ ਸਾਹਿਬ ਵਿਖੇ ਦਾਖਲ ਨਹੀਂ ਹੋਣ ਦਿੱਤਾ ਗਿਆ, ਆਪ ਜੀ ਕੁਝ ਦੂਰੀ ਤੇ ਹੀ ਬੈਠ ਕੇ ਮੁੜ ਗਏ, ਜਿੱਥੇ ਅੱਜਕੱਲ੍ਹ ਗੁਰਦੁਆਰਾ ਥੜ੍ਹਾ ਸਾਹਿਬ ਸੁਸ਼ੋਭਿਤ ਹੈ। ਤਰਨਤਾਰਨ, ਖਡੂਰ ਸਾਹਿਬ, ਗੋਇੰਦਵਾਲ ,ਤਲਵੰਡੀ ਸਾਬੋ,ਮੋੜ ਮੰਡੀ,ਮਹਿਸਰਖਾਨਾ ਆਦਿ ਦੀ ਯਾਤਰਾ ਕੀਤੀ। ਕਹਿਲੂਰ ਦੇ ਰਾਜੇ ਤੋਂ ਜਮੀਨ ਖਰੀਦ ਕੇ ਚੱਕ ਨਾਨਕੀ ਸ਼ਹਿਰ ਵਸਾਇਆ, ਜਿਸ ਦਾ ਨਾਮ ਮਾਖੋਵਾਲ ਅਤੇ ਬਾਅਦ ਵਿੱਚ ਅਨੰਦਪੁਰ ਸਾਹਿਬ ਪ੍ਰਸਿੱਧ ਹੋਇਆ। 1656 ਈਸਵੀ ਤੋਂ ਭਾਰਤ ਦਾ ਪ੍ਰਚਾਰਕ ਦੌਰਾ ਆਰੰਭ ਕੀਤਾ।ਘਨੌਲੀ, ਰੋਪੜ, ਧਮਤਾਨ, ਕੁਰੂਕਸ਼ੇਤਰ, ਮਥੁਰਾ, ਆਗਰਾ ,ਕਾਨਪੁਰ, ਅਲਾਹਾਬਾਦ, ਪ੍ਰਯਾਗ,ਕਾਂਸੀ ,ਗਯਾ ਅਤੇ ਪਟਨਾ ਵਿਖੇ ਵੀ ਗਏ। ਪੂਰਬੀ ਭਾਰਤ ਵਿਚ ਗੁਰੂ ਜੀ ਬਿਹਾਰ, ਆਸਾਮ, ਬੰਗਾਲ ਅਤੇ ਢਾਕਾ ਵਿਖੇ ਵੀ ਸਿੱਖੀ ਦੇ ਪ੍ਰਚਾਰ ਲਈ ਗਏ । ਵੱਖ ਵੱਖ ਧਾਰਮਿਕ ਸਥਾਨਾਂ ਉੱਤੇ ਵੀ ਗਏ। ਅਤੇ ਗੁਰਮਤਿ ਦ੍ਰਿੜ੍ਹ ਕਰਵਾਉਂਦੇ ਰਹੇ ।ਸ਼ਬਦ ਦੇ ਪ੍ਰਚਾਰ ਦੇ ਨਾਲ ਹੀ ਆਪ ਜੀ ਨੇ ਖੁਦ ਵੀ ਬਾਣੀ ਦੀ ਰਚਨਾ ਕੀਤੀ, ਜਿਸ ਦਾ ਆਸ਼ਾ ਅਤੇ ਮਨੋਰਥ ਨਾਨਕ-ਸਿਧਾਂਤ ਦੇ ਪੂਰਨ ਅਨੁਕੂਲ ਹੈ।

ਆਪ ਜੀ ਦੀ ਬਾਣੀ ਵਿੱਚ ਨਾਸ਼ਮਾਨਤਾ, ਬੈਰਾਗ ਅਤੇ ਪ੍ਰਭੂ ਪ੍ਰੇਮ ਦਾ ਭਰਪੂਰ ਮਾਤਰਾ ਵਿੱਚ ਵਰਨਣ ਹੈ। ਆਪ ਜੀ ਦੀ ਬਾਣੀ 15 ਰਾਗਾਂ ਵਿੱਚ ਪ੍ਰਾਪਤ ਹੈ ,ਜਿਸ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਆਦਿ ਬੀੜ ਵਿੱਚ ਸ਼ਾਮਲ ਕਰਵਾ ਕੇ ਉਸਨੂੰ ਗੁਰੂ ਗ੍ਰੰਥ ਸਾਹਿਬ ਦਾ ਦਰਜਾ ਦੇ ਦਿੱਤਾ ਸੀ। ਆਪ ਜੀ ਦੀ ਰਾਗਾਂ ਵਿੱਚ ਲਿਖੀ ਗਈ ਬਾਣੀ ਦੇ ਕੁੱਲ 59 ਪਦੇ ਹਨ ਅਤੇ ਸਲੋਕ ਮਹਲਾ 9 ਅਧੀਨ 57 ਬੈਰਾਗਮਈ ਸਲੋਕ ਹਨ, ਜਿਹਨਾਂ ਨੂੰ ਹਰ ਸਹਿਜ ਪਾਠ ਜਾਂ ਅਖੰਡ ਪਾਠ ਦੀ ਸਮਾਪਤੀ ਤੇ ਪੜ੍ਹਿਆ ਜਾਂਦਾ ਹੈ।

ਜਸਵਿੰਦਰ ਸਿੰਘ ਰੁਪਾਲ
9814715796

ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ :- ਔਰੰਗਜੇਬ ਇਕ ਕੱਟੜ ਮੁਸਲਮਾਨ ਸ਼ਾਸ਼ਕ ਸੀ ਜਿਸ ਨੇ ਦਿੱਲੀ ਦੇ ਤਖਤ ਤੇ ਬੈਠਦਿਆਂ ਹੀ ਗੈਰ-ਮੁਸਲਮਾਨਾਂ ਤੇ ਸਖਤੀ ਅਤੇ ਤਸ਼ੱਦਦ ਸ਼ੁਰੂ ਕਰ ਦਿੱਤਾ ਸੀ। ਉਹ ਆਪਣੀ ਵਲੋਂ ਇਸਲਾਮ ਦਾ ਪ੍ਰਚਾਰ ਹੀ ਕਰ ਰਿਹਾ ਸੀ ਅਤੇ ਕਾਫਰਾਂ ਨੂੰ ਮੋਮਨ ਬਣਾ ਰਿਹਾ ਸੀ। ਜੋ ਇਸਲਾਮ ਧਾਰਨ ਨਹੀਂ ਸੀ ਕਰਦੇ, ਔਰੰਗਜੇਬ ਅਨੁਸਾਰ ਉਹਨਾਂ ਨੂੰ ਜਿਊਣ ਦਾ ਕੋਈ ਹੱਕ ਨਹੀਂ ਸੀ। ਇਸਲਈ ਉਹ ਉਹਨਾਂ ਨੂੰ ਕਤਲ ਕਰਵਾ ਦਿੰਦਾ ਸੀ। ਕਿਹਾ ਜਾਂਦਾ ਏ ਕਿ ਉਹ ਇਕ ਦਿਨ ਵਿਚ ਸਵਾ ਮਣ ਜੰਞੂ ਉਤਾਰਦਾ ਸੀ, ਜਿਹਨਾਂ ਨੂੰ ਜਾਂ ਤਾਂ ਇਸਲਾਮ ਵਿਚ ਸ਼ਾਮਲ ਕਰ ਲਿਆ ਜਾਂਦਾ ਸੀ ਤੇ ਜਾਂ ਮੌਤ ਦੇ ਘਾਟ ਉਤਾਰ ਦਿੱਤਾ ਜਾਂਦਾ ਸੀ। ਕਸ਼ਮੀਰ ਦੇ ਹਿੰਦੂ ਇਸ ਜ਼ੁਲਮ ਤੋਂ ਬਹੁਤ ਜਿਆਦਾ ਦੁਖੀ ਸਨ। ਉਹਨਾਂ ਕਸ਼ਮੀਰ ਦੇ ਸਿੱਖ ਪ੍ਰਚਾਰਕ ਭਾਈ ਕਿਰਪਾ ਰਾਮ ਨੂੰ ਨਾਲ ਲਿਆ ਅਤੇ ਅਨੰਦਪੁਰ ਸਾਹਿਬ ਵਿਚ ਗੁਰੂ ਨਾਨਕ ਦੀ ਗੱਦੀ ਤੇ ਬਿਰਾਜਮਾਨ ਗੁਰੂ ਤੇਗ ਬਹਾਦਰ ਜੀ ਕੋਲ ਆ ਫਰਿਆਦ ਕੀਤੀ। ਕਿਉਂਕਿ ਉਹਨਾਂ ਨੂੰ ਭਰੋਸਾ ਸੀ ਕਿ ਗੁਰੂ ਨਾਨਕ ਦਾ ਘਰ ਦਰ ਆਇਆਂ ਦੀ ਲਾਜ ਰੱਖਦਾ ਹੈ। ਗੁਰੂ ਤੇਗ ਬਹਾਦਰ ਜੀ ਨੇ ਉਹਨਾਂ ਦੇ ਦੁੱਖੜੇ ਸੁਣੇ। ਆਪ ਜੀ ਦਾ ਕੋਮਲ ਹਿਰਦਾ ਵਲੂੰਧਰਿਆ ਗਿਆ। ਉਹਨਾਂ ਗੰਭੀਰ ਚਿੰਤਨ ਤੋਂ ਬਾਅਦ ਉਹਨਾਂ ਨੂੰ ਕਿਹਾ ਕਿ ਉਹ ਆਪਣੇ ਰਾਜੇ ਨੂੰ ਸੁਨੇਹਾ ਦੇਣ ਕਿ ਜੇ ਤੇਗ ਬਹਾਦਰ ਮੁਸਲਮਾਨ ਬਣ ਜਾਵੇ, ਅਸੀਂ ਸਾਰੇ ਮੁਸਲਮਾਨ ਬਣ ਜਾਵਾਂਗੇ। ਸੁਨੇਹਾ ਮਿਲਣ ਤੇ ਰਾਜਾ ਬਹੁਤ ਖੁਸ਼ ਹੋਇਆ। ਉਸਨੂੰ ਲੱਗਾ ਕਿ ਇੱਕ ਵਿਅਕਤੀ ਨੂੰ ਮੁਸਲਮਾਨ ਬਣਾਉਣਾ ਸੌਖਾ ਹੈ। ਗੁਰੂ ਤੇਗ ਬਹਾਦਰ ਜੀ ਨੂੰ ਕੈਦ ਕਰ ਲਿਆ ਗਿਆ। ਉਹਨਾਂ ਅੱਗੇ ਤਿੰਨ ਸ਼ਰਤਾਂ ਰੱਖੀਆਂ ਗਈਆਂ।

1.ਇਸਲਾਮ ਕਬੂਲ ਕਰ ਲਵੋ 2.ਆਪਣੇ ਪੀਰ ਹੋਣ ਦੇ ਸਬੂਤ ਵਜੋਂ ਕੋਈ ਕਰਾਮਾਤ ਦਿਖਾਈ ਜਾਵੇ। 3. ਮਰਨ ਲਈ ਤਿਆਰ ਰਹਿਣ। ਗੁਰੂ ਤੇਗ ਬਹਾਦਰ ਜੀ ਨੇ ਪਹਿਲੀ ਸ਼ਰਤ ਕੱਟ ਦਿੱਤੀ ਕਿਉਂਕਿ ਉਹਨਾਂ ਅਨੁਸਾਰ ਧਰਮ ਇਕ ਨਿਜੀ ਵਿਸ਼ਾ ਹੈ, ਇਹ ਠੋਸਿਆ ਨਹੀਂ ਜਾ ਸਕਦਾ। ਦੂਸਰੀ ਸ਼ਰਤ ਕਰਾਮਾਤ ਨੂੰ ਪ੍ਰਭੂ ਦੇ ਹੁਕਮ ਦੇ ਉਲਟ ਜਾਣਾ ਦੱਸਿਆ ਅਤੇ ਤੀਸਰੀ ਸ਼ਰਤ ਪ੍ਰਵਾਨ ਕਰਦਿਆਂ ਕਿਹਾ ਕਿ ਮਰਨ ਲਈ ਇਕ ਸਿੱਖ ਹਮੇਸ਼ਾ ਹੀ ਤਿਆਰ ਰਹਿੰਦਾ ਹੈ। ਗੁਰੂ ਜੀ ਨੂੰ ਡਰਾਉਣ ਦੇ ਉਦੇਸ਼ ਨਾਲ ਉਹਨਾਂ ਦੀਆਂ ਅੱਖਾਂ ਸਾਹਮਣੇ ਉਹਨਾਂ ਦੇ ਤਿੰਨ ਸਿੱਖਾਂ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ। ਭਾਈ ਮਤੀ ਦਾਸ ਜੀ ਦੇ ਸਰੀਰ ਨੂੰ ਆਰੇ ਨਾਲ ਚੀਰ ਦਿੱਤਾ ਗਿਆ। ਭਾਈ ਸਤੀ ਦਾਸ ਜੀ ਨੂੰ ਰੂੰ ਵਿਚ ਲਪੇਟ ਕੇ ਅੱਗ ਲਗਾ ਦਿੱਤੀ ਗਈ ਅਤੇ ਭਾਈ ਦਿਆਲਾ ਜੀਂ ਨੂੰ ਉਬਲਦੇ ਪਾਣੀ ਦੇ ਦੇਗੇ ਵਿਚ ਬੈਠਾ ਕੇ ਉਬਾਲ ਦਿੱਤਾ ਗਿਆ। ਗੁਰੂ ਸਾਹਿਬ ਨੇ ਤਾਂ ਕੀ ਡੋਲ੍ਹਣਾ ਸੀ, ਇਹ ਤਿੰਨੇ ਸੂਰਬੀਰ ਵੀ ਆਪਣੇ ਸਿਦਕ ਵਿੱਚ ਪੱਕੇ ਰਹੇ ਅਤੇ ਗੁਰੂ ਸ਼ਬਦ ਦਾ ਜਾਪ ਕਰਦਿਆਂ ਸ਼ਹੀਦ ਹੋ ਗਏ। ਕਾਜੀ ਸ਼ੇਖਲ ਨੇ ਗੁਰੂ ਤੇਗ ਬਹਾਦਰ ਜੀ ਦਾ ਸਿਰ ਕਲਮ ਕੀਤੇ ਜਾਣ ਦਾ ਫਤਵਾ ਸੁਣਾਇਆ ਅਤੇ ਜੱਲਾਦ ਜਲਾਲੁਦੀਨ ਨੇ ਗੁਰੂ ਜੀ ਦਾ ਸਿਰ ਕਲਮ ਕਰ ਦਿੱਤਾ। ਵਿਸ਼ਵ ਦੇ ਇਤਿਹਾਸ ਵਿੱਚ ਇੱਕ ਨਵਾਂ ਅਧਿਆਇ ਜੁੜ ਗਿਆ ਕਿਉਂਕਿ ਐਸੀ ਸ਼ਹੀਦੀ ਅੱਜ ਤੱਕ ਨਹੀਂ ਸੀ ਹੋਈ। ਜਾਲਮ ਦਾ ਇਰਾਦਾ ਸੀ ਕਿ ਗੁਰੂ ਜੀ ਦੇ ਮ੍ਰਿਤਕ ਸਰੀਰ ਦੇ ਟੁਕੜੇ ਟੁਕੜੇ ਕਰ ਕੇ ਵੱਖ ਵੱਖ ਚੌਰਾਹਿਆਂ ਵਿੱਚ ਦਰੱਖਤਾਂ ਤੇ ਲਟਕਾਏ ਜਾਣ ਤਾਂ ਕਿ ਸਿੱਖਾਂ ਵਿੱਚ ਦਹਿਸ਼ਤ ਪੈਦਾ ਹੋ ਸਕੇ। ਪਰ ਉਸੇ ਸਮੇਂ ਤੇਜ ਹਨੇਰੀ ਅਤੇ ਝੱਖੜ ਆਇਆ, ਜਿਸ ਦਾ ਲਾਭ ਉਠਾ ਕੇ ਭਾਈ ਜੈਤਾ ਜੀ ਨੇ ਗੁਰੂ ਜੀ ਦਾ ਸੀਸ ਉਠਾ ਲਿਆ। ਜਿਸ ਨੂੰ ਉਹ ਅਨੰਦਪੁਰ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਕੋਲ ਲੈ ਗਏ। ਗੁਰੂ ਗੋਬਿੰਦ ਸਿੰਘ ਜੀ ਨੇ ਸਤਿਕਾਰ ਨਾਲ ਅਨੰਦਪੁਰ ਸਾਹਿਬ ਵਿਖੇ ਹੀ ਸੀਸ ਦਾ ਸੰਸਕਾਰ ਕੀਤਾ। ਗੁਰੂ ਜੀ ਦੇ ਧੜ ਨੂੰ ਭਾਈ ਲੱਖੀ ਸ਼ਾਹ ਵਣਜਾਰਾ ਆਪਣੇ ਰੂੰ ਦੇ ਗੱਡੇ ਵਿੱਚ ਰੱਖ ਕੇ ਆਪਣੇ ਘਰ ਲੈ ਆਇਆ ਅਤੇ ਉਸਨੇ ਆਪਣੇ ਘਰ ਨੂੰ ਹੀ ਅੱਗ ਲਗਾ ਕੇ ਗੁਰੂ ਜੀ ਦੇ ਧੜ ਦਾ ਸੰਸਕਾਰ ਕੀਤਾ। ਦਿੱਲੀ ਵਿਖੇ ਜਿੱਥੇ ਸੀਸ ਕੱਟਿਆ ਗਿਆ ਸੀ, ਉਥੇ ਗੁਰਦੁਆਰਾ ਸੀਸ ਗੰਜ ਅਤੇ ਧੜ ਦੇ ਸੰਸਕਾਰ ਵਾਲੀ ਜਗ੍ਹਾ ਗੁਰਦੁਆਰਾ ਰਕਾਬ ਗੰਜ ਸੁਸ਼ੋਭਿਤ ਹੈ।

ਗੁਰੂ ਜੀ ਦੀ ਸ਼ਹਾਦਤ ਸੰਬੰਧੀ ਕੁਝ ਵਿਚਾਰਾਂ :

1. ਹਿੰਦ ਦੀ ਚਾਦਰ ਕਿ ਸ਼੍ਰਿਸ਼ਟਿ ਕੀ ਚਾਦਰ ?? ਗੁਰੂ ਤੇਗ ਬਹਾਦਰ ਜੀ ਨੂੰ ਕਦੋਂ ਅਤੇ ਕਿਸ ਨੇ ਹਿੰਦ ਕੀ ਚਾਦਰ ਕਹਿਣਾ ਸ਼ੁਰੂ ਕਰ ਦਿੱਤਾ ਇਸ ਦਾ ਕੋਈ ਸਰੋਤ ਸਾਨੂੰ ਨਹੀਂ ਮਿਲਿਆ। ਪਰ ਜਾਪਦਾ ਇਹੀ ਹੈ ਕਿ ਸਾਡੀ ਅਗਿਆਨਤਾ ਨੇ ਅਤੇ ਵਿਰੋਧੀਆਂ ਦੀ ਸਾਜਿਸ਼ ਨੇ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਤੰਗ ਨਜ਼ਰੀਏ ਤੋਂ ਪੇਸ਼ ਕੀਤਾ ਹੈ ਅਤੇ ਅਸੀਂ ਜਾਣੇ ਅਣਜਾਣੇ ਹੁਣ ਹਿੰਦ ਕੀ ਚਾਦਰ ਕਹਿਣ ਲੱਗ ਪਏ ਹਾਂ। ਕਵੀ ਸੈਨਾਪਤਿ ਦੀ ਪੁਸਤਕ ਸ੍ਰੀ ਗੁਰੂ ਸੋਭਾ, ਜਿਸ ਨੂੰ ਵਿਦਵਾਨਾਂ ਨੇ ਕਾਫੀ ਹੱਦ ਤੱਕ ਪ੍ਰਮਾਣਿਤ ਆਖਿਆ ਹੈ, ਉਸ ਵਿੱਚ ਇਹ ਸ਼ਬਦ ਦਰਜ ਹਨ--

ਪ੍ਰਗਟ ਭਏ ਗੁਰੂ ਤੇਗ ਬਹਾਦਰ ॥
ਸਗਲ ਸ਼੍ਰਿਸ਼ਟਿ ਪੈ ਢਾਕੀ ਚਾਦਰ ॥

ਇਸ ਨੂੰ ਕਿਸ ਨੇ ਬਦਲ ਕੇ ਹਿੰਦ ਕੀ ਚਾਦਰ ਕਰ ਦਿੱਤਾ ਅਤੇ ਕਿਉ ??? ਜੇ ਇਥੇ ਹਿੰਦ ਦਾ ਭਾਵ ਹਿੰਦੁਸਤਾਨ ਹੈ ਤਦ ਵੀ ਇਹ ਠੀਕ ਨਹੀਂ, ਕਿਉਂਕਿ ਗੁਰੂ ਜੀ ਨੂੰ ਇਕ ਦੇਸ਼ ਤੱਕ ਸੀਮਿਤ ਕਰਨਾ ਗਲਤ ਹੈ। ਜੇ ਇਸ ਦਾ ਭਾਵ ਹਿੰਦੂ ਧਰਮ ਤੋਂ ਹੈ, ਤਦ ਵੀ ਇਹ ਠੀਕ ਨਹੀਂ ਕਿ ਗੁਰੂ ਜੀ ਨੂੰ ਸਮੂਹ ਮਾਨਵਤਾ ਨਾਲੋਂ ਤੋੜ ਕੇ ਕਿਸੇ ਇੱਕ ਮਜ਼ਹਬ ਨਾਲ ਬੰਨ੍ਹਿਆ ਜਾਵੇ।

2.ਤਿਲਕ ਜੰਞੂ ਰਾਖਾ ਪ੍ਰਭ ਤਾਕਾ? ਉਪਰੋਕਤ ਪੰਕਤੀਆਂ ਬਚਿੱਤਰ ਨਾਟਕ ਵਿਚੋਂ ਹਨ, ਜੋ ਦਸਮ ਗ੍ਰੰਥ ਦਾ ਇਕ ਭਾਗ ਹੈ। ਦਸਮ ਗ੍ਰੰਥ ਦੇ ਕਰਤਾ ਬਾਰੇ ਅੱਜ ਤੱਕ ਪੰਥ ਅਤੇ ਵਿਦਵਾਨਾਂ ਵਿੱਚ ਵਿਵਾਦ ਚੱਲ ਰਿਹਾ ਹੈ। ਵਿਦਵਾਨਾਂ ਦਾ ਇਕ ਹਿੱਸਾ ਇਸ ਨੂੰ ਸਾਰੇ ਦੇ ਸਾਰੇ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਲਿਖਤ ਮੰਨਦਾ ਹੈ। ਦੂਸਰਾ ਹਿੱਸਾ ਇਸ ਦਾ ਪੂਰਨ ਵਿਰੋਧੀ ਹੈ ਅਤੇ ਇਸ ਵਿਚ ਅਸ਼ਲੀਲਤਾ ਅਤੇ ਬਿਪਰਵਾਦ ਦੀ ਹੋਂਦ ਕਾਰਨ ਇਸ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਕ੍ਰਿਤ ਨਹੀਂ ਮੰਨਦਾ। ਤੀਸਰਾ ਹਿੱਸਾ ਅਜਿਹਾ ਵੀ ਹੈ ਜੋ ਇਸ ਗ੍ਰੰਥ ਦੀਆਂ ਕੁਝ ਬਾਣੀਆਂ ਜਿਵੇਂ ਜਾਪ, ਸਵਈਏ, ਜ਼ਫਰਨਾਮਾ ਆਦਿ ਨੂੰ ਗੁਰੂ ਗੋਬਿੰਦ ਸਿੰਘ ਜੀ ਦੀਆਂ ਲਿਖੀਆਂ ਮੰਨਦਾ ਹੈ ਅਤੇ ਕੁਝ ਗੁਰਮਤਿ ਵਿਰੋਧੀ ਰਚਨਾਵਾਂ ਨੂੰ ਗੁਰੂ-ਕ੍ਰਿਤ ਨਹੀਂ ਮੰਨਦਾ। ਅਸੀਂ ਇਸ ਸਮੇਂ ਇਸ ਵਿਸ਼ੇ ਤੇ ਕੋਈ ਚਰਚਾ ਨਹੀਂ ਕਰਨਾ ਚਾਹੁੰਦੇ, ਪਰ ਇਹ ਪ੍ਰਸ਼ਨ ਜਰੂਰ ਕਰਨਾ ਚਾਹੁੰਦੇ ਹਾਂ ਕਿ ਗੁਰੂ ਤੇਗ ਬਹਾਦਰ ਜੀ ਨੂੰ ਸਿਰਫ ਤਿਲਕ ਜੰਞੂ ਦੀ ਰਾਖੀ ਨਾਲ ਹੀ ਕਿਉ ਬੰਨ੍ਹਿਆ ਜਾਵੇ? ਠੀਕ ਹੈ ਕਿ ਉਸ ਸਮੇਂ ਤਿਲਕ ਜਨੇਊ ਖਤਰੇ ਵਿੱਚ ਸਨ, ਪਰ ਧਾਰਮਿਕ ਆਜ਼ਾਦੀ ਦੀ ਰਾਖੀ ਸ਼ਬਦ ਕਿਉਂ ਨਹੀਂ ਪ੍ਰਚਾਰਿਆ ਜਾਂਦਾ? ਸਾਰੇ ਇਸ ਗੱਲ ਨਾਲ ਸਹਿਮਤ ਹੋਣਗੇ ਕਿ ਜੇ ਇਸਲਾਮ ਧਰਮ ਤੇ ਜ਼ੁਲਮ ਹੋ ਰਿਹਾ ਹੁੰਦਾ, ਤਾਂ ਗੁਰੂ ਜੀ ਉਸ ਲਈ ਵੀ ਆਪਣੀ ਸ਼ਹਾਦਤ ਉਸੇ ਭਾਵਨਾ ਨਾਲ ਦਿੰਦੇ। ਫੇਰ ਅਸੀਂ ਆਪਣੇ ਪ੍ਰਚਾਰ ਸਮੇਂ ਉਸ ਬ੍ਰਹਿਮੰਡੀ ਅਤੇ ਮਨੁੱਖਤਾ ਵਾਦੀ ਭਾਵਨਾ ਨੂੰ ਤੰਗ ਨਜ਼ਰੀਏ ਤੋਂ ਕਿਉਂ ਪੇਸ਼ ਕਰ ਰਹੇ ਹਾਂ। ਪੂਰੀਆਂ ਪੰਕਤੀਆਂ ਇਸ ਤਰਾਂ ਹਨ-

ਤਿਲਕ ਜੰਞੂ ਰਾਖਾ ਪ੍ਰਭ ਤਾਕਾ ॥
ਕੀਨੋ ਬਡੋ ਕਲੂ ਮਹਿ ਸਾਕਾ ॥
ਧਰਮ ਹੇਤ ਸਾਕਾ ਜਿਨਿ ਕੀਆ॥
ਸੀਸ ਦੀਆ ਪਰ ਸਿਰਰੁ ਨ ਦੀਆ॥

ਇੱਥੇ ਇੱਕ ਗੱਲ ਹੋਰ ਵਿਚਾਰਨ ਵਾਲੀ ਹੈ ॥ ਆਮ ਤੌਰ ਤੇ ਸਿਰਰੁ ਦਾ ਅਰਥ ਸਿਰੜ ਕਰ ਲਿਆ ਜਾਂਦਾ ਹੈ। ਜੋ ਇਕ ਛੋਟਾ ਅਰਥ ਹੈ। ਸਿਰਰੁ ਨੂੰ ਕਲਬ, ਰੂਹ, ਧਫੀ ਵੀ ਕਿਹਾ ਜਾਂਦਾ ਹੈ ਜੋ ਸੂਫ਼ੀਆਂ ਦੀ

ਕਹਾਣੀ ਬਾਲਮ

ਮੇਰੇ ਉਸਤਾਦ ਪੰਡਿਤ ਵਿਸ਼ਨੂੰ ਕਾਲੀਆ

ਮੇਰੇ ਸਾਹਿਤਕ ਉਸਤਾਦ ਸਨ ਪੰਡਿਤ ਵਿਸ਼ਨੂੰ ਕਾਲੀਆ ਜੀ। ਪਤਲਾ-ਦੁਬਲਾ ਲੰਬੇ ਕਦ-ਕਾਠ ਦਾ ਸ਼ਰੀਰ। ਗੋਰਾ ਰੰਗ। ਬਿੱਲੀਆਂ ਅੱਖਾਂ। ਤੀਰ-ਕਮਾਨੀ ਭਵਾਂ। ਫੁਰਤੀਲੀ ਚਾਲ। ਚੁਸਤ ਬੋਲਚਾਲ। ਹਿੰਦੀ, ਪੰਜਾਬੀ, ਉਰਦੂ, ਫਾਰਸੀ, ਤੇ ਅੰਗਰੇਜ਼ੀ ਦੇ ਵਿਦਵਾਨ ਸਾਹਿਤਕਾਰ, ਉਰਦੂ, ਹਿੰਦੀ, ਪੰਜਾਬੀ ਦੇ ਨਾਮਵਰ ਸ਼ਾਇਰ।

ਅਮੂਮਨ ਕੁੜਤੇ-ਪਜਾਮੇ ਦੇ ਨਾਲ ਕਸ਼ਮੀਰੀ ਟੋਪੀ ਪਹਿਨਦੇ ਤੇ ਵਿਸ਼ੇਸ਼ ਸਮਾਗਮਾਂ ਵਿਚ ਚੂੜੀਦਾਰ ਪਜਾਮਾਂ, ਕੁੜਤਾ, ਉਪਰੋਂ ਦੀ ਜਚਵੀਂ ਅਚਕਨ, ਜਿਸਦੇ ਅੰਦਰ-ਬਾਹਰ ਜੇਬਾਂ ਹੁੰਦੀਆਂ। ਸਿਰ ਉਪਰ ਸਫੇਦ ਮਾਇਆਦਾਰ ਤੁਰਲੇ ਵਾਲੀ ਪਗੜੀ। ਸਿਰ ਦੇ ਵਿਚਕਾਰ ਕੁੱਲਾ ਰੱਖ ਕੇ ਪਗੜੀ ਬੰਨਦੇ। ਪਗੜੀ ਦੇ ਉਪਰ ਲਿਫਾਫੇਦਾਰ ਤੁਰਲਾ ਅਤੇ ਪਗੜੀ ਦੇ ਪਿਛਲੇ ਪਾਸੇ ਲੰਬਾ 'ਲੜ' ਛੱਡਦੇ ਸੀ। ਪੈਰਾਂ ਵਿਚ ਕਾਲੇ ਰੰਗ ਦਾ ਜਲਸਾ (ਪੰਜਾਬੀ ਜੁੱਤੀ) ਪਹਿਣਦੇ। ਇਕ ਰੋਅਬਦਾਰ ਸ਼ਖ਼ਸੀਅਤ ਦੇ ਮਾਲਿਕ , ਹਲੀਮੀ ਤੇ ਕੁੜੱਤਣ ਦਾ ਸੁਮੇਲ।

ਜਦੋਂ ਮੈਂ ਉਨ੍ਹਾਂ ਨੂੰ ਆਪਣਾ ਉਸਤਾਦ ਧਾਰਿਆ ਤਾਂ ਉਨ੍ਹਾਂ ਨੇ ਆਪਣੇ ਘਰ ਵਿਚ ਇਕ ਛੋਟੀ ਜਿਹੀ ਸਾਹਿਤਕ ਮਿਲਣੀ ਬੁਲਾਈ, ਜਿਸ ਵਿਚ ਸ਼ਹਿਰ ਦੇ ਨਾਮਵਰ ਸ਼ਾਇਰ ਬੁਲਾਏ। ਉਸ ਸਮੇਂ ਮੈਂ ਉਸਤਾਦ ਜੀ ਨੂੰ ਇਕ ਪਗੜੀ, ਗੁੜ ਦੀ ਪੇਸੀ ਅਤੇ ਇਕ ਰੁਪਿਆ ਨਤਮਸਤਕ ਹੋ ਕੇ ਭੇਟ ਕੀਤਾ।

ਮੈਨੂੰ ਗਜ਼ਲ ਦੀ ਬੁਨਿਆਦੀ ਤਕਨੀਕ, ਬਹਿਰ, ਵਜਨ, ਪ੍ਰਤੀਕ-ਬਿੰਬ ਆਦਿ ਦੀ ਕੋਈ ਜਾਣਕਾਰੀ ਨਹੀਂ ਸੀ। ਵੈਸੇ ਮੈਂ ਉਸਤਾਦ ਜੀ ਦਾ ਨਾਂਅ ਅਖ਼ਬਾਰਾਂ ਵਿਚ ਪੜ੍ਹਦਾ ਹੁੰਦਾ ਸੀ। ਇਕ ਦਿਨ ਮੈਂ ਉਸਤਾਦ ਜੀ ਦੇ ਘਰ ਚਲਾ ਗਿਆ। ਸਾਡੇ ਘਰ ਤੋਂ ਉਨ੍ਹਾਂ ਦੇ ਘਰ ਦਾ ਫਾਸਲਾ ਲਗਭਗ 5 ਕੁ ਮਿੰਟ ਦਾ ਹੋਵੇਗਾ। ਸਿਰਫ ਇਕ ਸੜਕ ਪਾਰ ਕਰਕੇ ਦੂਸਰੀ ਗਲੀ ਵਿੱਚ ਉਨ੍ਹਾਂ ਦਾ ਘਰ ਸੀ। ਉਨ੍ਹਾਂ ਦਾ ਸਾਧਾਰਣ ਘਰ ਸੀ। ਪਰ ਇੰਨਾ ਜ਼ਿਆਦਾ ਸਾਫ਼-ਸੁਥਰਾ ਕਿ ਸਫ਼ਾਈ ਵਜੋਂ ਇਕ ਮੰਦਿਰ ਦੀ ਤਰ੍ਹਾਂ ਪ੍ਰਤੀਤ ਹੁੰਦਾ, ਜਿਵੇਂ ਕੋਈ ਪ੍ਰਾਚੀਨ ਮੰਦਿਰ ਹੋਵੇ।

ਉਨ੍ਹਾਂ ਦਾ ਘਰ ਗਲੀ ਦੇ ਖੱਬੇ ਪਾਸੇ ਸੀ। ਘਰ ਦੇ ਬਾਹਰ ਦੇ ਪਲਟਿਆਂ ਵਾਲੇ ਦਰਵਾਜ਼ੇ ਦੇ ਸੱਜੇ-ਖੱਬੇ ਛੋਟੇ-ਛੋਟੇ ਦੋ ਕਮਰੇ। ਵਿਚਕਾਰ ਗਲੀਨੁਮਾ ਰਸਤਾ ਦੇ ਅੱਗੇ ਛੋਟਾ ਜਿਹਾ ਵਿਹੜਾ, ਵਿਹੜੇ ਦੇ ਨਾਲ ਪਿੱਛੇ ਦੋ ਕਮਰੇ। ਵਿਹੜੇ ਦੇ ਸੱਜੇ ਪਾਸੇ ਛੋਟੀ ਜਿਹੀ ਰਸੋਈ। ਰਸੋਈ ਦੇ ਨਾਲ ਨਲਕਾ ਤੇ ਨਾਲ ਗੁਸਲਖਾਨਾ। ਖੱਬੇ ਪਾਸੇ ਛੋਟਾ ਜਿਹਾ ਸਟੋਰ। ਬਸ ਏਨਾ ਕੁ ਘਰ ਸੀ ਉਸਤਾਦ ਜੀ ਦਾ, ਛੱਤਾਂ ਛਤੀਰੀਆਂ ਤੇ ਬਾਲਿਆਂ ਦੀਆਂ। ਕੁਲ ਮਿਲਾ ਕੇ ਛੋਟੇ ਜਿਹੇ ਚਾਰ ਕੁ ਮਰਲਿਆਂ ਦਾ ਘਰ। ਵਿਹੜੇ ਵਿਚ ਲੱਕੜ ਦਾ ਸਾਧਾਰਣ ਤਖ਼ਤਪੋਸ਼, ਜਿਸ ਉਪਰ ਇਕ ਸਾਫ਼-ਸੁਥਰੀ ਦਰੀ (ਚਟਾਈ) ਵਿਛੀ ਹੋਈ ਹੁੰਦੀ ਸੀ। ਤਖਤਪੋਸ਼ ਦੇ ਵਿਚਕਾਰ ਸੈਂਚੀ ਉਪਰ ਗੀਤਾ ਅਤੇ ਗੁਰੂ ਗ੍ਰੰਥ ਸਾਹਿਬ ਦੇ ਸ਼ਲੋਕਾਂ ਦੀ ਪੋਥੀ ਦਾ ਪ੍ਰਕਾਸ਼ ਮੌਕੇ-ਮੌਕੇ ਮੁਤਾਬਿਕ ਹੁੰਦਾ ਰਹਿੰਦਾ। ਇਹ ਧਾਰਮਿਕ ਪਵਿੱਤਰ ਕਾਰਜ ਉਨ੍ਹਾਂ ਦੀ ਪਤਨੀ ਵਲੋਂ ਹੁੰਦਾ ਸੀ।

ਉਸਤਾਦ ਜੀ ਦੀ ਪਤਨੀ ਧਾਰਮਿਕ ਖਿਆਲਾਂ ਦੀ ਅਤੇ ਸ਼ਹਿਰ ਦੇ ਸਭ ਤੋਂ ਅਮੀਰ ਮਹੰਤਾਂ ਦੀ ਧੀ ਸੀ। ਉਨ੍ਹਾਂ ਦੀ ਸਫੇਦ ਸਾੜੀ, ਦੁੱਧ ਚਿੱਟੇ ਵਾਲ। ਗੋਰਾ ਚਿੱਟਾ ਰੰਗ। ਦਰਮਿਆਨਾਂ ਕੱਦ। ਹਸੂੰ-ਹਸੂੰ ਕਰਦਾ ਚਿਹਰਾ। ਹਲੀਮੀ ਅਤੇ ਖ਼ੁਸ਼ਬੂਦਾਰ ਸ਼ਬਦਾਂ ਦਾ ਉਚਾਰਣ। ਸਾਰੇ ਮੁਹੱਲੇ ਵਾਲੇ ਉਨ੍ਹਾਂ ਦਾ ਦਿਲੋਂ ਆਦਰ-ਸਤਿਕਾਰ ਕਰਦੇ। ਸਭ ਧਰਮਾਂ ਬਾਰੇ ਉਨ੍ਹਾਂ ਨੂੰ ਗਿਆਨ ਸੀ। ਖ਼ਾਸ ਕਰਕੇ ਹਿੰਦੂ ਅਤੇ ਸਿੱਖ ਧਰਮ ਦੇ ਕਿਸੇ ਵੀ ਵਿਸ਼ੇ ਉਪਰ ਉਹ ਲਗਾਤਾਰ ਬੋਲ ਸਕਦੇ ਸੀ। ਗੁਰੂਆਂ, ਰਿਸ਼ੀਆਂ-ਮੁਨੀਆਂ ਦੀਆਂ ਉਨ੍ਹਾਂ ਨੂੰ ਕਈ ਕਥਾਵਾਂ, ਸਲੋਕ, ਕਵਿਤਾਵਾਂ, ਦੰਦ-ਕਥਾਵਾਂ, ਜ਼ੁਬਾਨੀ ਯਾਦ ਸਨ। ਉਸਤਾਦ ਜੀ ਪੰਜਾਬੀ, ਹਿੰਦੀ ਅਤੇ ਉਰਦੂ ਸਾਹਿਤ ਦੇ ਲਗਭਗ ਹਰ ਇਕ ਵਿਸ਼ੇ ਉਪਰ ਲਿਖਣ ਵਿੱਚ ਮੁਹਾਰਤ ਰਖਦੇ ਸੀ। ਉਨ੍ਹਾਂ ਤਿੰਨਾਂ ਭਾਸ਼ਾਵਾਂ ਵਿਚ ਪਦ ਤੇ ਗਦ ਦੀਆਂ ਕਈ ਪੁਸਤਕਾਂ ਲਿਖੀਆਂ। ਉਸਤਾਦ ਜੀ ਰਾਜ ਪੱਧਰ 'ਤੇ ਭਾਸ਼ਾ ਵਿਭਾਗ ਤੋਂ ਸਾਹਿਤਕ ਪੈਨਸ਼ਨ ਵੀ ਲੈਂਦੇ ਸਨ।

ਮੈਂ ਉਨ੍ਹਾਂ ਕੋਲੋਂ ਲਗਭਗ ਛੇ ਸਾਲ ਦੇ ਕਰੀਬ ਸਾਹਿਕ ਸਲਾਹ-ਮਸ਼ਵਰਾ ਲਿਆ। ਸਾਹਿਤ ਦੀਆਂ ਬਾਰੀਕੀਆਂ ਬਾਰੇ ਗਿਆਨ ਲਿਆ। ਉਨ੍ਹਾਂ ਤੋਂ ਮੈਂ ਨਿੱਜੀ ਤੇ ਬਾਹਰੀ ਜ਼ਿੰਦਗੀ ਬਾਰੇ ਬਹੁਤ ਕੁਝ ਸਿੱਖਿਆ। ਉਨ੍ਹਾਂ ਤੋਂ ਇਕ ਪਿਤਾ ਦਾ ਅਤੇ ਇਕ ਸੱਚੇ ਦੋਸਤ ਵਰਗਾ ਪਿਆਰ ਹਾਸਿਲ ਕੀਤਾ। ਉਹ ਹਲੀਮੀ ਵਿਚ ਰਹਿਣ ਵਾਲੇ ਇਕ ਗੁੱਸੇ ਭਰੇ ਮਿਜਾਜ ਦੇ ਵਿਅਕਤੀ ਸਨ। ਸਦਾ ਸੱਚ ਵਿਚ ਹਲੀਮੀ ਅਤੇ ਜੇ ਕੋਈ ਝੂਠ ਬੋਲੇ ਤਾਂ ਗੁੱਸੇ ਵਿਚ ਆ ਜਾਂਦੇ ਸੀ। ਨਸ਼ਿਆਂ ਦੇ ਬਹੁਤ ਖ਼ਿਲਾਫ਼ ਸਨ। ਮੁਕੰਮਲ ਸ਼ਾਕਾਹਾਰੀ ਸਨ। ਮੈਂ ਉਨ੍ਹਾਂ ਤੋਂ ਇਕ ਚੰਗੇ ਇਨਸਾਨ ਵਾਲੇ ਬਹੁਤ ਸਾਰੇ ਗੁਣ ਹਾਸਿਲ ਕੀਤੇ। ਉਹ ਆਪਣੀ ਈਮਾਨਦਾਰੀ, ਅਨੁਸ਼ਾਸਨ, ਸੱਚੇ ਦੇਸ਼ ਭਗਤ ਵਾਲੀਆਂ ਅਨੇਕਾਂ ਹੀ ਹੱਡ ਬੀਤੀਆਂ ਸੱਚੀਆਂ ਕਹਾਣੀਆਂ ਸੁਣਾਂਦੇ। ਉਸਤਾਦ ਜੀ ਅੜੀਅਲ ਤੇ ਕੱਬੇ ਸੁਭਾਅ ਦੇ ਵਿਅਕਤੀ ਸਨ ਪਰ ਦਿਲ ਦੇ ਕੋਰੇ ਰੂਹ ਦੇ ਸੱਚੇ ਸੀ।

ਉਨ੍ਹਾਂ ਦੇ ਬਹੁਤ ਸਾਰੇ ਸ਼ਗਿਰਦ ਅੱਧ ਵਿਚਾਲੇ ਇਸ ਕਰਕੇ ਦੌੜ ਗਏ ਕਿ ਉਹ ਮੂੰਹ ਫੱਟ ਅਤੇ ਅਜ਼ਮਾਇਸ਼ ਕਰਨ ਵਾਲੇ ਵਿਅਕਤੀ ਸਨ। ਬੰਦੇ ਦੀ ਪਰਖ ਦੂਰ ਤੱਕ ਕਰਦੇ ਸਨ, ਫਿਰ ਉਸਨੂੰ ਸ਼ਗਿਰਦ ਬਣਾਉਂਦੇ ਸਨ। ਕੀ ਉਸ ਵਿਚ ਕਵਿਤਾ ਦਾ, ਸਾਹਿਤ ਦਾ ਸੋਕ ਹੈ ਤਾਂ ਹੀ ਉਸ ਨੂੰ ਸ਼ਗਿਰਦ ਬਣਾਉਂਦੇ। ਮੈਂ ਅਤੇ ਇਕ ਹੋਰ ਸ਼ਗਿਰਦ ਹੀ ਉਨ੍ਹਾਂ ਦੇ ਅੰਤਿਮ ਸਮੇਂ ਤੱਕ ਨਾਲ ਰਹੇ। ਬਾਕੀ ਸਭ ਉਨ੍ਹਾਂ ਦੇ ਕੌੜੇ, ਸੱਚੇ ਸੁਭਾਅ ਤੋਂ ਪਰੇਸ਼ਾਨ ਹੋ ਕੇ ਦੌੜ ਗਏ। ਸੱਚੇ ਤੇ ਈਮਾਨਦਾਰ ਬੰਦੇ ਨਾਲ ਉਨ੍ਹਾਂ ਦੀ ਬਹੁਤ ਬਣਦੀ ਸੀ। ਉਨ੍ਹਾਂ ਬੰਦਿਆਂ ਉਪਰ ਉਹ ਜਾਨ ਨੌਛਾਵਰ ਕਰ ਦਿੰਦੇ ਸੀ।

ਸੀ.ਆਈ.ਡੀ. ਮਹਿਕਮੇ ਦੀ ਨੌਕਰੀ ਦੇ ਦੌਰਾਨ ਉਹ ਈਮਾਨਦਾਰੀ ਕਰਕੇ ਕਈ ਵਾਰ ਸਸਪੈਂਡ ਹੋਏ। ਉਨ੍ਹਾਂ ਮੈਨੂੰ ਦੱਸਿਆ ਕਿ ਇਕ ਵਾਰੀ ਉਹ ਇਕ ਸ਼ਹਿਰ ਦੇ ਸਿਟੀ ਪੁਲਿਸ ਇੰਚਾਰਜ ਸਨ ਤਾਂ ਇਕ ਐਸ.ਐਸ.ਪੀ. ਨੇ ਉਨ੍ਹਾਂ ਨੂੰ ਕਿਹਾ ਕਿ ਮੇਰੇ ਬੱਚਿਆਂ ਨੂੰ ਸਵੇਰੇ ਸ਼ਾਮ ਸਕੂਲ ਆਉਣ ਜਾਣ ਲਈ ਕੋਈ ਇੰਤਜ਼ਾਮ ਕਰਨ ਅਤੇ ਘਰ ਦੀਆਂ ਜ਼ਰੂਰੀ ਚੀਜ਼ਾਂ ਵੀ ਪਹੁੰਚਾਈਆਂ ਜਾਣ। ਤਦ ਉਸਤਾਦ ਜੀ ਨੇ ਉਸ ਐਸ.ਐਸ.ਪੀ. ਨੂੰ ਇੰਝ ਕਰਨ ਤੋਂ ਸਾਫ ਨਾਂਹ ਕਰ ਦਿੱਤੀ, ਜਿਸ ਦੇ ਬਦਲੇ ਉਸਤਾਦ ਜੀ ਉਪਰ ਐਸ.ਐਸ.ਪੀ. ਨੇ ਇਕ ਝੂਠਾ ਕੇਸ ਪੁਆ ਕੇ, ਕੈਦ ਵੀ ਕਰਵਾਈ ਪਰ ਕੁਝ ਸਾਲਾਂ ਬਾਅਦ ਉਹ ਬਰੀ ਹੋ ਗਏ ਪਰ ਐਸ.ਐਸ.ਪੀ. ਦੀ ਗੁਲਾਮੀ ਅੱਗੇ ਝੁਕੇ ਨਹੀਂ।

ਉਸਤਾਦ ਜੀ ਨੇ ਦੱਸਿਆ ਕਿ ਇਕ ਵਾਰੀ ਜਦੋਂ ਉਹ ਸੀ.ਆਈ.ਡੀ. ਵਿਚ ਅਫ਼ਸਰ ਸਨ ਤਾਂ ਓਦੋਂ ਨਵਾਂ ਨਵਾਂ ਭਾਰਤ ਆਜ਼ਾਦ ਹੋਇਆ ਸੀ ਤਾਂ ਉਸ ਸਮੇਂ ਕਾਮਰੇਡ ਤੇਜਾ ਸਿੰਘ ਸੁਤੰਤਰ ਜੀ ਦਾ ਛੋਟਾ ਭਰਾ ਮੇਦਨ ਸਿੰਘ ਮੇਦਨ ਜੋ ਇਕ ਵਧੀਆ ਸਾਹਿਤਕਾਰ, ਨਾਟਕਕਾਰ, ਅਭਿਨੈਕਾਰ, ਪੇਂਟਰ, ਡ੍ਰਿਫਟ ਵੁਡਾਂਜ, ਪਿੱਪਲ ਦੇ ਪੱਤਿਆਂ ਉਪਰ ਚਿੱਤਰਕਾਰੀ ਕਰਨ ਵਾਲਾ ਪਰਪੱਕ ਕਲਾਕਾਰ ਅਤੇ ਸਵਤੰਤਰਤਾ ਸੰਗਰਾਮੀ ਸੀ। ਮੇਦਨ ਸਿੰਘ ਮੇਦਨ ਉਸਤਾਦ ਜੀ ਦਾ ਪੱਕਾ ਦੋਸਤ ਸੀ। ਮੇਦਨ ਸਿੰਘ ਨੇ ਕ੍ਰਾਂਤੀਕਾਰੀ, ਸਮਾਜ ਸੁਧਾਰਕ ਵਿਸ਼ਿਆਂ ਉਪਰ ਕਈ ਪਦ-ਗਦ ਰਚਨਾਵਾਂ ਲਿਖੀਆਂ। ਕਈ ਪੁਸਤਕਾਂ ਸਾਹਿਤ ਦੀ ਝੋਲੀ ਵਿਚ ਪਾਈਆਂ। ਮੇਦਨ ਸਿੰਘ ਮੇਦਨ ਮਸ਼ਹੂਰ ਕ੍ਰਾਂਤੀਕਾਰੀ ਆਜ਼ਾਦੀ ਘੁਲਾਟੀਆ ਸਨ। ਉਹ ਦੋ ਉਮਰ ਕੈਦਾਂ ਦੀ ਸਜ਼ਾ ਭੁਗਤ ਚੁੱਕੇ ਸਨ। ਉਨ੍ਹਾਂ ਜੇਲ੍ਹ ਵਿਚ ਬਹੁਤ ਸੁਧਾਰ ਕੀਤੇ। ਜੇਲ੍ਹਾਂ ਵਿਚ ਸੁਧਾਰਵਾਦੀ, ਮਾਨਵਤਾਵਾਦੀ ਕਈ ਨਾਟਕ ਖੇਡੇ। ਉਹ ਪਰਪੱਕ ਕਲਾਕਾਰ, ਨਾਟਕ

ਅਤੇ ਸੂਤਰਧਾਰ, ਰੰਗ ਮੰਚ ਦੇ ਸੂਤਰਧਾਰ ਸਨ। ਉਨ੍ਹਾਂ ਜੇਲ੍ਹ ਵਿਚ ਰਹਿ ਕੇ ਇਕ ਫ਼ਿਲਮ ਵੀ ਬਣਾਈ, ਜਿਸ ਵਿਚ ਉਹ ਖੁਦ ਹੀਰੋ ਦੇ ਰੋਲ ਵਿਚ ਸਨ। ਪਰਦੇ ਵਾਲੀ ਇਹ ਫ਼ਿਲਮ ਅੱਜ ਵੀ ਉਨ੍ਹਾਂ ਦੇ ਪਰਿਵਾਰ ਕੋਲ ਮੌਜੂਦ ਹੈ। ਮੇਦਨ ਸਿੰਘ ਮੇਦਨ ਗੋਰੇ ਚਿੱਟੇ, ਉਚੇ ਕੱਦਕਾਠ ਦੇ, ਆਕਰਸ਼ਕ ਸ਼ਖ਼ਸੀਅਤ ਦੇ ਮਾਲਿਕ ਸਨ।

ਉਸਤਾਦ ਜੀ ਨੇ ਦੱਸਿਆ ਕਿ ਮਹਿਕਮੇ ਵਲੋਂ ਇਕ ਵੇਰ ਉਨ੍ਹਾਂ ਦੀ ਡਿਊਟੀ ਲਗਾਈ ਗਈ ਕਿ ਭਗੌੜੇ ਮੇਦਨ ਸਿੰਘ ਮੇਦਨ ਨੂੰ ਜ਼ਿੰਦਾ ਫੜਿਆ ਜਾਵੇ ਕਿਉਂਕਿ ਮੇਦਨ ਸਿੰਘ ਮੇਦਨ ਉਪਰ ਦੇਸ਼ ਧ੍ਰੋਹ ਦੇ ਅੰਗਰੇਜ਼ਾਂ ਵਲੋਂ ਕਈ ਝੂਠੇ-ਸੱਚੇ ਕੇਸ ਪਾਏ ਹੋਏ ਸਨ। ਮਹਿਕਮੇ ਨੂੰ ਨਹੀਂ ਸੀ ਪਤਾ ਕਿ ਉਸਤਾਦ (ਪੰਡਿਤ ਵਿਸ਼ਨੂ ਕਾਲੀਆ) ਅਤੇ ਸਰਦਾਰ ਮੇਦਨ ਸਿੰਘ ਮੇਦਨ ਦੀ ਗਹਿਰੀ ਸਾਹਿਤਕ ਅਤੇ ਨਿੱਜੀ ਦੋਸਤੀ ਹੈ। ਰਾਤ ਦੇ ਵਕਤ ਉਸਤਾਦ ਜੀ ਮੇਦਨ ਸਿੰਘ ਮੇਦਨ ਜੀ ਦੇ ਪਿੰਡ ਗਏ ਤਾਂ ਉਨ੍ਹਾਂ ਨੂੰ ਕਹਿਣ ਲੱਗਾ ਕਿ ਮੇਰੀ ਸਰਕਾਰੀ ਤੌਰ 'ਤੇ ਤੈਨੂੰ ਜ਼ਿੰਦਾ ਗ੍ਰਿਫਤਾਰ ਕਰਨ ਦੀ ਡਿਊਟੀ ਲਗੀ ਹੈ। ਕਈ ਹੋਰ ਮੁਲਾਜ਼ਿਮ ਵੀ ਤੇਰੀ ਭਾਲ ਵਿਚ ਹਨ। ਤੂੰ ਇਸ ਤਰ੍ਹਾਂ ਕਰ ਤੂੰ ਮੇਰੇ ਹੀ ਘਰ ਆ ਜਾ ਕਿਉਂਕਿ ਸਰਕਾਰ ਨੇ ਤੇਨੂੰ ਫੜਣ ਲਈ ਪੁਲਿਸ ਦੀਆਂ ਕਈ ਟੀਮਾਂ ਬਣਾਈਆਂ ਹਨ, ਜੋ ਤੇਰੇ ਟਿਕਾਣਿਆਂ ਉਪਰ, ਰਿਸ਼ਤੇਦਾਰਾਂ ਦੇ ਘਰਾਂ ਵਿਚ, ਦੋਸਤਾਂ ਦੇ ਘਰਾਂ ਵਿਚ ਤੈਨੂੰ ਫੜਣ ਲਈ ਛਾਪੇ ਮਾਰਨਗੇ। ਤੂੰ ਮੇਰੇ ਘਰ ਆ ਜਾ ਕਿਉਂਕਿ ਸਰਕਾਰ ਨੇ ਇਕ ਮਹੀਨੇ ਦਾ ਸਮਾਂ ਦਿੱਤਾ ਹੈ। ਫਿਰ ਤੜਕ ਸਾਰ ਮੇਦਨ ਸਿੰਘ ਭੇਸ ਬਦਲ ਕੇ ਉਸਤਾਦ ਜੀ ਘਰ ਆ ਗਏ। ਇਕ ਮਹੀਨਾ ਉਨ੍ਹਾਂ ਦੇ ਘਰ ਵਿਚ ਹੀ ਰਹੇ। ਉਥੇ ਹੀ ਖ਼ਾਣ-ਪੀਣ ਸੌਣ ਆਦਿ ਦਾ ਇੰਤਜ਼ਾਮ ਕੀਤਾ ਹੋਇਆ ਸੀ।

ਕਿਸੇ ਨੂੰ ਭਿਣਕ ਤੱਕ ਨਾ ਲੱਗੀ ਕਿ ਮੇਦਨ ਸਿੰਘ ਮੇਦਨ ਕਿੱਥੇ ਹੈ। ਉਸਤਾਦ ਜੀ ਆਪਣੀ ਸਰਕਾਰੀ ਡਿਊਟੀ ਦੇ ਮੁਤਾਬਿਕ ਮੇਦਨ ਜੀ ਨੂੰ ਲੱਭਣ ਲਈ ਬਾਹਰ ਚਲੇ ਜਾਂਦੇ ਅਤੇ ਰਾਤ ਨੂੰ ਘਰ ਆਉਂਦੇ ਭ ਕਦੀ-ਕਦੀ ਉਹ ਹਫ਼ਤਾ-ਹਫ਼ਤਾ ਘਰ ਹੀ ਨਾ ਆਉਂਦੇ। ਪੁਲਿਸ ਦੀਆਂ ਟੁਕੜੀਆਂ ਨਾਲ ਮੇਦਨ ਜੀ ਨੂੰ ਲੱਭਣ ਦੀ ਕੋਸ਼ਿਸ਼ ਕਰਦੇ ਰਹਿੰਦੇ। ਮੇਦਨ ਜੀ ਦਾ ਕੋਈ ਟਿਕਾਣਾ ਛੱਡਦੇ। ਪੁਲਿਸ ਅਤੇ ਸੀ.ਆਈ.ਡੀ. ਨੇ ਮੇਦਨ ਜੀ ਦਾ ਕੋਈ ਟਿਕਾਣਾ ਨਾ ਛੱਡਿਆ ਪਰ ਮੇਦਨ ਜੀ ਕਿੱਥੋਂ ਲੱਭਦੇ?

ਇਸ ਤਰ੍ਹਾਂ ਇਕ ਮਹੀਨਾ ਬੀਤ ਗਿਆ। ਮੇਦਨ ਜੀ ਦਾ ਕੋਈ ਪਤਾ ਨਾ ਲਗਾ ਭ ਉਸਤਾਦ ਜੀ ਨੇ ਮਹਿਕਮੇ ਨੂੰ ਲਿਖ ਕੇ ਭੇਜ ਦਿੱਤਾ ਕਿ ਮੇਦਨ ਸਿੰਘ ਦਾ ਕੋਈ ਥਹੁ ਪਤਾ ਨਹੀਂ ਲੱਗਿਆ। ਉਸਤਾਦ ਜੀ ਨੇ ਇਕ ਮਹੀਨਾ ਆਪਣੇ ਘਰ ਵਿਚ ਰੱਖਿਆ ਅਤੇ ਆਪ ਖੁਦ ਉਨ੍ਹਾਂ ਨੂੰ ਲੱਭਣ ਲਈ ਕਈ-ਕਈ ਦਿਨ ਡਿਊਟੀ 'ਤੇ ਬਾਹਰ ਰਹਿੰਦੇ। ਇਹ ਸਨ ਉਸ ਸਮੇਂ ਜਾਤ-ਪਾਤ ਰਹਿਤ ਸ਼ੁੱਧ ਭਾਰਤੀ ਯਾਰਾਨੇ। ਇਕ ਦਿਨ ਮੈਂ ਸ਼ਾਮ ਢਲੇ ਦੇ ਸਮੇਂ ਉਸਤਾਦ ਜੀ ਨੂੰ ਮਿਲਣ ਗਿਆ ਤਾਂ ਉਨ੍ਹਾਂ ਨੇ ਮੈਨੂੰ ਦੱਸਿਆ ਤੇ ਕਹਿਣ ਲੱਗੇ, 'ਯਾਰ, ਬਾਲਮ ਤੇਰੀ ਆਂਟੀ (ਉਸਤਾਦ ਜੀ ਦੀ ਪਤਨੀ) ਦੋ ਤਿੰਨ ਦਿਨਾਂ ਤੋਂ ਬਹੁਤ ਸਖਤ ਬਿਮਾਰ ਹੈ। ਬੜਾ ਇਲਾਜ ਕਰਵਾਇਆ ਪਰ ਕੋਈ ਫਰਕ ਨਹੀਂ ਪੈ ਰਿਹਾ। ਚੰਗੇ ਚੰਗੇ ਡਾਕਟਰਾਂ ਨੂੰ ਵੀ ਵਿਖਾਇਆ ਹੈ। ਬਿਮਾਰੀ ਦਾ ਪਤਾ ਨਹੀਂ ਲਗ ਰਿਹਾ। ਪਰ ਕੁਝ ਦਿਨਾਂ ਬਾਅਦ ਹੀ ਮਾਤਾ ਜੀ ਇਸ ਫ਼ਾਨੀ ਦੁਨੀਆਂ ਨੂੰ ਅਲਵਿਦਾ ਕਹਿ ਗਏ। ਮਾਤਾ ਜੀ ਦੀ ਉਮਰ ਲਗਭਗ 75 ਸਾਲਾਂ ਦੇ ਕਰੀਬ ਹੋਵੇਗੀ।

ਮੈਨੂੰ ਉਸਤਾਦ ਜੀ ਨੇ ਦੱਸਿਆ ਕਿ ਉਨ੍ਹਾਂ ਨੇ ਆਪਣੀ ਪਤਨੀ ਨਾਲ 'ਲਵ ਮੈਰਿਜ਼' ਕੀਤੀ ਸੀ। ਬਹੁਤ ਵੱਡੇ ਅਮੀਰ ਘਰ ਦੀ ਧੀ ਸੀ ਅਤੇ ਉਸਤਾਦ ਦੀ ਮਾਮੂਲੀ ਪੁਲਿਸ ਮੁਲਾਜ਼ਿਮ। ਘਰੋਂ ਦੌੜ ਕੇ ਉਨ੍ਹਾਂ ਦੀ ਪਤਨੀ ਨੇ ਗੁਪਤ ਜਬਰਦਸਤੀ ਸ਼ਾਦੀ ਕੀਤੀ ਸੀ। ਜਿੰਨੀ ਉਸਤਾਦ ਜੀ ਦੀ ਤਨਖ਼ਾਹ ਸੀ ਓਨੇ ਪੈਸਿਆਂ ਦੇ ਤਾਂ ਮਾਤਾ (ਜਦੋਂ ਕੁਵਾਰੇ ਸਨ) ਕੱਪੜੇ ਹੀ ਪਾ ਲੈਂਦੇ ਸਨ। ਖੈਰ ਉਹ ਕਹਾਣੀ ਬਹੁਤ ਲੰਬੀ ਫਿਰ ਕਦੀ ਸਹੀ।

ਉਸਤਾਦ ਜੀ ਦੇ ਦੋ ਲੜਕੇ ਸਨ, ਇਕ ਬੈਂਕ ਮੈਨੇਜਰ ਅਤੇ ਦੂਸਰਾ ਇੰਟੈਲੀਜੈਂਸ ਬਿਓਰੋ 'ਚ ਉਚ ਮੁਲਾਜ਼ਿਮ ਸੀ। ਦੋਵੇਂ ਬਾਹਰ ਰਹਿੰਦੇ ਸਨ ਜਿੱਥੇ ਉਨ੍ਹਾਂ ਦੀ ਨੌਕਰੀ ਹੁੰਦੀ। ਦੋਵੇਂ ਸ਼ਾਦੀਸ਼ੁਦਾ ਤੇ ਆਪਣੇ-ਆਪਣੇ ਪਰਿਵਾਰ ਵਿਚ ਖੁਸ਼ਹਾਲ। ਘਰ ਵਿਚ ਉਸਤਾਦ ਜੀ ਅਤੇ ਉਨ੍ਹਾਂ ਦੀ ਪਤਨੀ ਹੀ ਰਹਿੰਦੇ ਸਨ। ਉਸਤਾਦ ਜੀ ਦੇ ਸਹੁਰੇ ਬਹੁਤ ਅਮੀਰ ਸਨ ਪਰ ਉਹ ਉਸਤਾਦ ਜੀ ਤੋਂ ਬਹੁਤ ਡਰਦੇ ਸਨ। ਕਿਉਂਕਿ ਉਸਤਾਦ ਜੀ ਨੇ ਕਦੀ ਕਿਸੇ ਅੱਗੇ ਹੱਥ ਨਹੀਂ ਸੀ ਅੱਡਿਆ। ਉਸਤਾਦ ਜੀ ਦੇ ਸਾਲਿਆਂ ਨੇ ਕਈ ਵਾਰੀ ਕਿਹਾ ਸੀ ਕਿ ਪੰਡਿਤ ਜੀ ਸ਼ਹਿਰ ਦੇ ਕਿਸੇ ਏਰੀਏ 'ਚ ਜਿੰਨਾ ਵੱਡਾ ਪਲਾਟ ਚਾਹੀਦਾ ਹੈ ਲੈ ਲਵੋ, ਕੋਠੀ ਬਣਾ ਲਵੋ। ਅਸੀਂ ਕੋਠੀ ਦੇ ਪੈਸੇ ਦੇ ਦਿਆਂਗੇ। ਪਰ ਉਸਤਾਦ ਜੀ ਨੇ ਉਨ੍ਹਾਂ ਦੀ ਇਕ ਨਾ ਮੰਨੀ ਤੇ ਆਪਣੀ ਸੱਚੀ ਸੁੱਚੀ ਆਨ-ਸ਼ਾਨ-ਮਾਨ ਵਾਲੀ ਜਿੰਦਗੀ ਵਿਚ ਰਹੇ। ਭਿਖਾਰੀ ਤੇ ਲਾਲਚੀ ਬਣ ਕੇ ਉਹ ਨਹੀਂ